# ECHO OF HIS CALL

# ਬੁਲਾਵੇ ਦੀ ਗੂੰਜ

PUNJABI

₹ 10/-

India's National Spiritual Newspaper

REACHING NATIONS

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAN

Editor : S. SAM SELVA RAJ | 16 Languages | Associate Editor : Bro. ASHISH RAMESH BALDHARI

VOL. XXIII | APRIL 2023 | No. 11


ਪਵਿੱਤਰ ਬਾਈਬਲ

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

**PRAISE THE LORD**

ਜ਼ਬੂਰ 113:1-9

1. ਹਲਲੂਯਾਹ! ਹੇ ਯਹੋਵਾਹ ਦੇ ਸੇਵਕੋ, ਉਸਤਤ ਕਰੋ,
ਯਹੋਵਾਹ ਦੇ ਨਾਮ ਦੀ ਉਸਤਤ ਕਰੋ!
2. ਯਹੋਵਾਹ ਦਾ ਨਾਮ ਮੁਬਾਰਕ ਹੋਵੇ,
ਹੁਣ ਤੋਂ ਲੈ ਕੇ ਸਦੀਪ ਕਾਲ ਤੀਕੁਰ!
3. ਸੂਰਜ ਦੇ ਚੜ੍ਹਨ ਤੋਂ ਉਹ ਦੇ ਲਹਿਣ ਤੀਕ
ਯਹੋਵਾਹ ਦੇ ਨਾਮ ਦੀ ਉਸਤਤ ਹੋਵੇ!
4. ਯਹੋਵਾਹ ਸਭ ਕੌਮਾਂ ਉੱਤੇ ਮਹਾਨ ਹੈ,
ਉਹ ਦੀ ਮਹਿਮਾ ਅਕਾਸ਼ਾਂ ਤੋਂ ਵੀ ਉੱਪਰ ਹੈ।
5. ਕੌਣ ਸਾਡੇ ਪਰਮੇਸ਼ੁਰ ਯਹੋਵਾਹ ਦੇ ਤੁੱਲ ਹੈ?
ਜਿਹੜਾ ਉਚਿਆਈ ਤੇ ਵੱਸਦਾ ਹੈ,
6. ਜਿਹੜਾ ਆਪਣੇ ਆਪ ਨੂੰ ਨੀਵੀਆਂ ਕਰਦਾ ਹੈ,
ਭਈ ਅਕਾਸ਼ ਅਤੇ ਧਰਤੀ ਉੱਤੇ ਨਿਗਾਹ ਮਾਰੇ,
7. ਜਿਹੜਾ ਗਰੀਬ ਨੂੰ ਖਾਕ ਵਿੱਚੋਂ ਚੁੱਕਦਾ
ਅਤੇ ਕੰਗਾਲ ਨੂੰ ਰੂੜੀ ਤੋਂ ਉਠਾਉਂਦਾ ਹੈ,
8. ਭਈ ਉਹ ਨੂੰ ਪਤਵੰਤਾਂ ਵਿੱਚ,
ਸਗੋਂ ਉਹ ਦੇ ਆਪਣੇ ਲੋਕਾਂ ਦੇ ਪਤਵੰਤਾਂ ਵਿੱਚ ਬਿਠਾਵੇ।
9. ਉਹ ਬੇਉਲਾਦ ਤੀਵੀਂ ਦਾ ਘਰ ਵਸਾਉਂਦਾ,
ਅਤੇ ਬੱਚਿਆਂ ਦੀ ਮਾਂ ਬਣਾ ਕੇ ਉਹ ਨੂੰ ਅਨੰਦ ਕਰਦਾ ਹੈ। ਹਲਲੂਯਾਹ!॥

# ਅਸਲ ਬੇਦਾਰੀ! REAL REVIVAL!

### ਪਾਸਟਰ ਐੱਸ. ਸੈਮ ਸੇਲਵਾ ਰਾਜ ਵੱਲੋਂ ਮੁੱਖ ਚਰਚ ਵਿੱਚ ਦਿੱਤਾ ਗਿਆ ਸੰਦੇਸ਼

ਜਦ ਮੈਂ ਆਪਣੀ ਬਾਈਬਲ ਵਿੱਚ 'ਬੇਦਾਰੀ' ਸ਼ਬਦ ਦੀ ਖੋਜ ਕੀਤੀ ਜੋ ਕਿ ਮਸੀਹੀ ਜਗਤ ਵਿੱਚ ਬਹੁਤ ਇਸਤੇਮਾਲ ਕੀਤਾ ਗਿਆ ਹੈ ਤਾਂ ਉਹ ਸ਼ਬਦ ਮੈਨੂੰ ਕਿਤੇ ਵੀ ਨਹੀ ਮਿਲਿਆ। ਬੇਦਾਰੀ ਸ਼ਬਦ ਦਾ ਅਧਿਐਨ ਆਪਣੇ ਆਪ ਵਿੱਚ ਇੱਕ ਮਹਾਨ ਸਿੱਖਿਆ ਹੈ। ਜਦੋਂ ਲੋਕ ਭਾਰਤ ਵਿੱਚ ਆਤਮਿਕ ਮੀਟਿੰਗਾਂ ਬਾਰੇ ਗੱਲ ਕਰਦੇ ਹਨ, ਤਾਂ ਇਨ੍ਹਾਂ ਨੂੰ ਆਮ ਤੌਰ 'ਤੇ ਸੁਸਮਾਚਾਰ ਮੀਟਿੰਗਾਂ, ਬੇਦਾਰੀ ਮੀਟਿੰਗਾਂ ਅਤੇ ਧਰਮ-ਯੁੱਧ ਆਖਿਆ ਜਾਂਦਾ ਹੈ। ਕੁਝ ਦੇਸ਼ਾਂ ਵਿੱਚ ਅਜਿਹੀਆਂ ਮੀਟਿੰਗਾਂ ਨੂੰ 'ਪੁਨਰ ਅਰੰਭ' ਵੀ ਕਿਹਾ ਜਾਂਦਾ ਹੈ। ਉਹ ਸੰਦੇਸ਼ ਜੋ ਮੈਂ ਅੱਜ ਤੁਹਾਡੇ ਨਾਲ ਸਾਂਝਾ ਕਰਨ ਜਾ ਰਿਹਾ ਹਾਂ ਉਹ ਹੈ ਪ੍ਰਭੂ ਵੱਲੋਂ ਭੇਜੀ ਗਈ 'ਬਾਅਦ ਦੀ ਬਾਰਿਸ਼', ਪ੍ਰਭੂ ਵੱਲੋਂ ਲਿਆਂਦਾ ਗਿਆ ਪੁਨਰਜਾਗਰਣ ਜਾਂ ਆਤਮਿਕ ਬੇਦਾਰੀ।

'ਬੇਦਾਰੀ' ਸ਼ਬਦ ਲਾਤੀਨੀ ਭਾਸ਼ਾ ਤੋਂ ਲਿਆ ਗਿਆ ਹੈ। ਅੰਗਰੇਜ਼ੀ ਵਿੱਚ ਇਸ ਦਾ ਅਰਥ ਹੈ 'ਮੁੜ ਜਾਗ੍ਰਿਤ' ਹੋਣਾ। 'ਵੀਵੋ' ਦਾ ਅਰਥ ਹੈ, 'ਜੀਵਨ ਮਿਲਣਾ' ਜਾਂ 'ਜੀਵਨ ਨੂੰ ਮੁੜ ਪ੍ਰਾਪਤ ਕਰਨਾ' ਜਾਂ 'ਸਜੀਵ ਹੋਣਾ' ਹੈ'। ਇਸ ਦਾ ਅਰਥ ਹੈ ਕਿ ਕੋਈ ਵਿਅਕਤੀ ਮੌਤ ਦੇ ਜਬੜਿਆਂ ਵਿੱਚੋਂ ਮੁੜ ਜੀਵਨ ਨੂੰ ਪ੍ਰਾਪਤ ਕਰ ਲਵੇ। ਇਸਦਾ ਭਾਵ ਕਿਸੇ ਮੁਰਦੇ ਨੂੰ ਜਿਲਾਉਣਾ ਨਹੀਂ ਹੈ; ਬਲਕਿ ਇੱਕ ਵਿਅਕਤੀ ਨੂੰ, ਜੋ ਹਿੱਲ ਜੁੱਲ ਨਹੀਂ ਰਿਹਾ, ਮੁੜ ਸਜੀਵ ਕਰਨਾ ਹੈ। ਦਿਲ ਦਾ ਦੌਰਾ ਪੈਣ 'ਤੇ ਵਿਅਕਤੀ ਦਾ ਦਿਲ ਕੰਮ ਕਰਨਾ ਬੰਦ ਕਰ ਸਕਦਾ ਹੈ। ਪਰ ਐਮਰਜੈਂਸੀ ਇਲਾਜ ਦੇ ਕੇ ਉਸ ਦਾ ਦਿਲ ਮੁੜ ਸਜੀਵ ਹੋ ਜਾਂਦਾ ਹੈ। ਜੀਵਨ ਵਿੱਚ ਵਾਪਸ ਲਿਆਉਣ ਦੇ ਇਸ ਢੰਗ ਨੂੰ 'ਬੇਦਾਰੀ' ਕਿਹਾ ਜਾਂਦਾ ਹੈ।

ਮੈਂ ਮਰਹੂਮ ਰੇਵ. ਐਸ. ਦੇਵਦਾਸਨ ਦੇ 'ਹੈਰਾਲਡ ਆਫ਼ ਹਿਜ਼ ਕਮਿੰਗ' ਦੇ ਮੰਤਰਾਲੇ ਦਾ ਉਤਪਾਦ ਸੀ। ਤੁਸੀਂ ਸੁਣਿਆ ਕਿ ਮੈਂ ਹੇਰਾਲਡ ਆਫ਼ ਹਿਜ਼ ਕਮਿੰਗ ਦਾ ਉਤਪਾਦ ਜਾਂ ਉਪਜ




ਬੁਲਾਵੇ ਦੀ ਗੂੰਜ

**ਮਸੀਹੀ ਯੂ-ਟਯੂਬ ਚੈਨਲ**

ਪਾ. ਸੈਮ ਸੇਲਵਾ ਰਾਜ ਨਾਲ ਨਿੱਜੀ ਤੌਰ 'ਤੇ ਪ੍ਰਾਰਥਨਾ ਕਰ ਸਕਦੇ ਹੋ।

5 ਮਿੰਟ ਦੇ ਸੰਦੇਸ਼!!

ਅੰਗ੍ਰੇਜ਼ੀ ਅਤੇ ਹਿੰਦੀ ਤਮਿਲ ਅਤੇ ਤੇਲਗੂ

ਰੋਜਾਨਾ ਸਵੇਰੇ 5 ਵਜੇ

ਐਤਵਾਰ ਦੀ ਤਮਿਲ ਸਭਾ ਸਵੇਰੇ 8:30 ਵਜੇ

# ECHO OF HIS CALL - (1969-2019 GOLDEN JUBILEE YEAR)

REACHING NATIONS



## *from your dearly beloved brother...*



...ਮੈਂ ਤੈਨੂੰ ਧਰਤੀ ਦੀਆਂ ਉੱਚੀਆਂ ਪਹਾੜੀਆਂ ‘ਤੇ ਚੜ੍ਹਾਵਾਂਗਾ
ਅਤੇ ਤੈਨੂੰ ਤੇਰੇ ਪਿਤਾ ਯਾਕੂਬ ਦੀ ਵਿਰਾਸਤ ਨਾਲ ਖੁਆਵਾਂਗਾ...
(ਯਸਾਯਾਹ 58:14)

### ਸਾਡੀ ਮਿਸ਼ਨ ਨੀਤੀ

ਸਾਨੂੰ ਵਰਤਮਾਨ ਨੌਜਵਾਨ ਪੀੜ੍ਹੀ ਨੂੰਮਿਲਾਵਟ ਰਹਿਤ ਬਾਈਬਲ ਦੀਆਂਸਿੱਖਿਆਵਾਂ ਅਤੇ ਅਰੰਭਕ ਰਸੂਲਾਂ ਦੀਆਂ ਸਿੱਖਿਆਵਾਂ ਸਿਖਾਉਣ ਦੀ ਲੋੜ ਹੈ। ਇਹੀ ਇਸ ਸਮੇਂ ਦੀ ਮੰਗ ਹੈ


**CHIEF EDITOR**
Angeline Selvakumari Henry, M.A., M.Ed.

**MANAGING EDITOR**
Pastor Alex Samson Sam, B.Th., M.Div.

**ADMINISTRATION**
Bro. N. Prakasam, M.A., General Manager

**EDITORIAL BOARD**
Sis. Jesy Veena Sam
Sis. Serena Bevin, M.A., M.Phil., B.Ed.
Dr. A. Richard Samuel, M.A., Ph.D.
Rev. Dr. K.R. Rajasekaran



**EDITOR, PUBLISHER & PRINTER**
Pastor S. SAM SELVA RAJ
Echo of His Call Printers
10, Mohammed Abdullah 2nd Street,
Chepauk, Chennai- 600 005, India.
Phone : (+ 91- 44) 2852 8282, 2852 9293, 2854 7766
Cell : (+91) 98410 71852, 95661 31858



**CORE LEADERS**
Bro. K. Puratchivendan
Dr. Rabinder Boaz, M.S.
Bro. A. Edward Durai
Bro. A. Alvin
Bro. K. Abraham
Sis. Dhanalakshmi Chinnaiah



**E.mail ID**
sam@echoofhiscall.org
biblecor@yahoo.co.in

**WEBSITES**
www.echoofhiscall.org
www.stpaulsmatriculation.com

**YOUTUBE CHANNEL**
Echo of His Call


ਪ੍ਰਭੂ ਵਿਚ ਪਿਆਰੇ ਭੈਣੋ ਤੇ ਭਰਾਵੋ,
ਬਹੁਤ ਸਾਰੀਆਂ ਚੰਗੀਆਂ ਚੀਜ਼ਾਂ ਤੁਹਾਡੇ ਕੋਲ ਆਉਣਗੀਆਂ! ਖੁਸ਼ ਰਹੋ !!
ਸੰਸਾਰ ਵਿੱਚ, ਇੰਜੀਲ ਤੇਜ਼ੀ ਨਾਲ ਫੈਲ ਰਹੀ ਹੈ। ਅਸੀਂ ਇਕੱਲੇ ਖੁਸ਼ਖਬਰੀ ਦੇ ਪ੍ਰਸਾਰ ਲਈ ਕੰਮ ਨਹੀਂ ਕਰ ਰਹੇ ਹਾਂ। ਬਹੁਤ ਸਾਰੇ ਚਰਚ ਅਤੇ ਵੱਖ-ਵੱਖ ਈਸਾਈ ਸੰਗਠਨ ਆਪਣੇ ਕੰਮ ਦੇ ਖੇਤਰ ਵਿੱਚ ਪਰਮੇਸ਼ੁਰ ਦੇ ਆਪਣੇ ਮੰਤਰੀਆਂ ਨੂੰ ਭੇਜਦੇ ਹਨ ਅਤੇ ਲੋਕਾਂ ਨੂੰ ਪਾਪ, ਬੀਮਾਰੀ ਅਤੇ ਗਰੀਬੀ ਤੋਂ ਮੁਕਤ ਕਰਦੇ ਹਨ। ਸਾਨੂੰ ਇਨ੍ਹਾਂ ਸੰਸਥਾਵਾਂ ਅਤੇ ਚਰਚਾਂ ਲਈ ਅਤੇ ਪਰਮੇਸ਼ੁਰ ਦੇ ਮੰਤਰੀਆਂ ਲਈ ਵੀ ਦਿਲੋਂ ਪ੍ਰਾਰਥਨਾ ਕਰਨੀ ਚਾਹੀਦੀ ਹੈ। ਸਾਨੂੰ ਵੀ ਉਹਨਾਂ ਦਾ ਜਿੰਨਾ ਹੋ ਸਕੇ ਸਹਿਯੋਗ ਕਰਨਾ ਚਾਹੀਦਾ ਹੈ। ਸਾਨੂੰ ਚਰਚ ਦੇ ਸਿਧਾਂਤਾਂ ਦੇ ਨੂੰ ਲੈ ਕੇ ਹਰ ਤਰ੍ਹਾਂ ਦੇ ਵਿਤਕਰੇ ਨੂੰ ਭੁੱਲਣਾ ਅਤੇ ਖ਼ਤਮ ਕਰਨਾ ਚਾਹੀਦਾ ਹੈ, ਅਤੇ ਇੱਕ ਫੌਜ ਦੇ ਰੂਪ ਵਿੱਚ ਇਕੱਠੇ ਖੜੇ ਹੋਣਾ ਚਾਹੀਦਾ ਹੈ.



*Dedication of new Church*

ਨਹਮਯਾਹ ਬਾਈਬਲ ਕਾਲਜ ਦੇ ਸਾਡੇ ਪੁਰਾਣੇ ਵਿਦਿਆਰਥੀ, ਪ੍ਰਿੰ. ਜੇ. ਰਾਜਮਨੀ ਅਤੇ ਉਨ੍ਹਾਂ ਦੀ ਪਤਨੀ ਸ਼੍ਰੀਮਤੀ ਆਰ. ਵਿਮਲ ਨੂੰ ਇਸ ਸਾਲ 26 ਜਨਵਰੀ ਨੂੰ ਪਾਲਵੇਰ-ਕਾਡੂ ਵਿੱਚ ਪਾਦਰੀ ਵਜੋਂ ਨਿਯੁਕਤ ਕੀਤਾ ਗਿਆ ਸੀ। ਆਰਡੀਨੇਸ਼ਨ ਸਭਾ ਬਹੁਤ ਮੁਬਾਰਕ ਸੀ। ਆਓ ਅਸੀਂ ਪ੍ਰਾਰਥਨਾ ਕਰੀਏ ਕਿ ਉੱਥੇ ਬਣੇ ਚਰਚ ਅਤੇ ਪਾਰਸਨੇਜ ਨੂੰ ਪ੍ਰਮੇਸ਼ਵਰ ਬਰਕਤ ਦੇਵੇ। ਭਾਰਤ ਦੇ ਸਭਨਾ ਪਿੰਡਾਂ ਵਿੱਚ ਰੱਬ ਦੇ ਸਾਰੇ ਸੇਵਕਾਂ ਅਤੇ ਚਰਚਾਂ ਨੂੰ ਵਧਣਾ ਚਾਹੀਦਾ ਹੈ ਅਤੇ ਤਰੱਕੀ ਕਰਨੀ ਚਾਹੀਦੀ ਹੈ। ਅਸੀਂ ਜਾਣਦੇ ਹਾਂ ਕਿ ਭਾਰਤ ਵਿੱਚ 7,00,000 ਪਿੰਡ ਹਨ। ਸਾਨੂੰ ਕਿਸੇ ਵੀ ਤਰੀਕੇ ਨਾਲ ਅਣਪਹੁੰਚੇ ਇਲਾਕਿਆਂ ਤੱਕ ਸੁਸਮਾਚਾਰ ਲੈ ਕੇ ਪਹੁੰਚਣਾ ਹੈ।

ਬੁਲਾਵੇ ਦੀ ਗੂੰਜ ਪਰਿਵਾਰ ਦੀ ਜ਼ਿੰਮੇਵਾਰੀ:

ਪ੍ਰਮੇਸ਼ਵਰ ਦੇ ਸੇਵਕ, ਜੋ ਲੋਕਾਂ ਨੂੰ ਤਬਾਹੀ ਤੋਂ ਬਚਾਉਣ ਅਤੇ ਉਨ੍ਹਾਂ ਨੂੰ ਸਹੀ ਰਸਤੇ 'ਤੇ ਲਿਆਉਣ ਲਈ ਦਿਲੋਂ ਕੰਮ ਕਰਦੇ ਹਨ, ਬਹੁਤ ਦੁੱਖ ਝੱਲ ਰਹੇ ਹਨ। ਅਸੀਂ ਅਜਿਹੇ ਲੋਕਾਂ ਦੀਆਂ ਬੁਨਿਆਦੀ ਲੋੜਾਂ



*Echo of His Call key leaders*


**Our Ministries:** ECHO OF HIS CALL Monthly Magazines (16 languages) ◘ BIBLECOR - Postal Courses (3 languages) ◘ Media Ministry ◘ Online Courses ◘ Theological Correspondence Courses (2 languages) ◘ Church Planting ◘ Nehemiah Bible Colleges ◘ Gospel Printing Press ◘ Great Commission Partners ◘ St. Paul's Matriculation School ◘ Crusades ◘ Community Development



*Servant of God engaged in evangelism*

ਫੂਰੀਆਂ ਕਰਨੀਆਂ ਹਨ। ਸ਼ੈਤਾਨ ਉਨ੍ਹਾਂ 'ਤੇ ਸਰੀਰਕ ਅਤੇ ਆਤਮਿਕ ਤੌਰ 'ਤੇ ਹਮਲਾ ਕਰ ਰਿਹਾ ਹੈ।ਆਪਣੇ ਪੈਸੇ ਅਤੇ ਸਰੀਰਕ ਸਹਾਇਤਾ ਨਾਲ ਪ੍ਰਮੇਸ਼ਵਰ ਦੇ ਅਜਿਹੇ ਸੇਵਕਾਂ ਦੀ ਮਦਦ ਕਰੋ ਜਿਨ੍ਹਾਂ ਨੂੰ ਤੁਸੀਂ ਜਾਣਦੇ ਹੋ। ਰੱਬ ਦੇ ਬਹੁਤ ਸਾਰੇ ਸੇਵਕ ਜੋ ਅਮੀਰ ਹਨ, ਉਹਨਾਂ ਨੇ ਆਪਣੀ ਬੁਲਾਹਟ ਅਤੇ ਦਰਸ਼ਨ ਗੁਆ ਦਿੱਤੇ ਹਨ ਜੋ ਅਰੰਭ ਵਿੱਚ ਉਨ੍ਹਾਂ ਨੂੰ ਮਿਲੇ ਸਨ। ਉਹ ਹੁਣ ਆਪਣੀਆਂ ਸੁੱਖ-ਸਹੂਲਤਾਂ ਵਧਾਉਣ ਅਤੇ ਜਾਇਦਾਦਾਂ ਖਰੀਦਣ ਵਿੱਚ ਲੱਗੇ ਹੋਏ ਹਨ। ਸੇਵਕਾਈ ਦੇ ਨਾਂ 'ਤੇ ਉਹ ਵੱਡੀਆਂ-ਵੱਡੀਆਂ ਇਮਾਰਤਾਂ ਉਸਾਰਦੇ ਹਨ, ਜਿਨ੍ਹਾਂ ਦੀ ਅਸਲ ਵਿਚ ਲੋੜ ਨਹੀਂ ਹੁੰਦੀ ਅਤੇ ਇਸ ਤਰ੍ਹਾਂ ਉਹ ਆਪਣੇ ਰਾਹ ਤੋਂ ਭਟਕ ਜਾਂਦੇ ਹਨ। ਕਿਰਪਾ ਕਰਕੇ ਅਜਿਹੇ ਲੋਕਾਂ ਦਾ ਸਮਰਥਨ ਕਰਨਾ ਬੰਦ ਕਰੋ ਅਤੇ ਉਹਨਾਂ ਦਾ ਸਮਰਥਨ ਕਰੋ ਜੋ ਸੱਚਮੁੱਚ ਪ੍ਰਮੇਸ਼ਵਰ ਲਈ ਰੂਹਾਂ ਨੂੰ ਜਿੱਤਣ ਲਈ ਸਖਤ ਮਿਹਨਤ ਕਰਦੇ ਹਨ।ਪ੍ਰਮੇਸ਼ਵਰ ਦੇ ਅਜਿਹੇ ਸੇਵਕਾਂ ਨੂੰ ਲੱਭੋ ਅਤੇ ਉਹਨਾਂ ਦੇ ਯਤਨਾਂ ਵਿਚ ਉਹਨਾਂ ਨਾਲ ਮੋਢਾ ਜੋੜੋ।ਪ੍ਰਮੇਸ਼ਵਰ ਤੁਹਾਨੂੰ ਅਸੀਸ ਦੇਵੇਗਾ।

ਰੱਬ ਦੇ ਬਹੁਤ ਸਾਰੇ ਸੇਵਕ ਹਨ ਜੋ ਦੇਖਦੇ ਹਨ ਕਿ ਕਰੋੜਾਂ ਅਤੇ ਕਰੋੜਾਂ ਲੋਕ ਮਸੀਹ ਤੋਂ ਬਿਨਾਂ ਨਰਕ ਵੱਲ ਜਾ ਰਹੇ ਹਨ। ਉਨ੍ਹਾਂ ਵਿੱਚੋਂ ਕੁਝ ਮਸੀਹ ਦੇ ਦੂਜੇ ਆਉਣ ਬਾਰੇ ਵੀ ਪ੍ਰਚਾਰ ਕਰਦੇ ਹਨ ਅਤੇ ਲੋਕਾਂ ਨੂੰ ਕਿਸੇ ਵੀ ਸਮੇਂ ਮਸੀਹ ਦੀ ਵਾਪਸੀ ਦੀ ਉਮੀਦ ਕਰਨ ਦਾ ਨਿਰਦੇਸ਼ ਦਿੰਦੇ ਹਨ। ਪਰ ਉਨ੍ਹਾਂ ਕੋਲ ਲੰਮੀ ਮਿਆਦ ਦੀਆਂ ਯੋਜਨਾਵਾਂ ਹਨ ਅਤੇ ਕਈ ਕਰੋੜਾਂ ਰੁਪਏ ਦੇ ਅੰਦਾਜ਼ੇ ਨਾਲ ਵੱਡੀਆਂ ਇਮਾਰਤਾਂ ਦਾ ਨਿਰਮਾਣ ਕਰਦੇ ਹਨ ਅਤੇ ਕਈ ਵਿੱਤੀ ਯੋਜਨਾਵਾਂ ਨੂੰ ਲਾਗੂ ਕਰਦੇ ਹਨ। ਕੀ ਇਹ ਜ਼ਰੂਰੀ ਹੈ? ਕੀ ਇਹ ਇੱਕ ਚਲਾਕ ਧੋਖਾ ਨਹੀਂ ਹੈ? ਕੀ ਚਰਚ ਦੇ ਆਗੂ ਅਜਿਹੇ ਕੰਮ ਕਰ ਸਕਦੇ ਹਨ? ਕਿਰਪਾ ਕਰਕੇ ਇਸ ਬਾਰੇ ਸੋਚੋ ਅਤੇ ਪ੍ਰਮੇਸ਼ਵਰ ਦੇ ਗਰੀਬ ਸੇਵਕਾਂ ਦੀ ਸਹਾਇਤਾ ਕਰੋ ਜੋ ਸੱਚਮੁੱਚ ਰੂਹਾਂ ਲਈ ਸੱਚੇ ਬੋਝ ਨਾਲ ਪ੍ਰਮੇਸ਼ਵਰ ਦੀ ਸੇਵਾ ਕਰਦੇ ਹਨ।

ਅਜਿਹੇ ਪ੍ਰਚਾਰਕਾਂ ਨੂੰ ਲੱਭਣਾ ਅਕਲਮੰਦੀ ਦੀ ਗੱਲ ਹੈ ਜਿਨ੍ਹਾਂ ਕੋਲ ਸਾਈਕਲ ਵੀ ਨਹੀਂ ਹਨ, ਅਤੇ ਛੋਟੇ ਚਰਚ ਜਿਨ੍ਹਾਂ ਕੋਲ ਢੁਕਵੀਂ ਛੱਤ ਜਾਂ ਫਰਸ਼ ਨਹੀਂ ਹੈ; ਪ੍ਰਮੇਸ਼ਵਰ ਦੇ ਅਜਿਹੇ ਸੇਵਕਾਂ ਦਾ ਪਤਾ ਲਗਾਉਣਾ ਅਕਲਮੰਦੀ ਦੀ ਗੱਲ ਹੈ ਜੋ ਅਗਲਾ ਭੋਜਨ ਮਿਲਣ ਲਈ ਵੀ ਪ੍ਰਮੇਸ਼ਵਰ 'ਤੇ ਉਮੀਦ ਰੱਖਦੇ ਹਨ! ਸਾਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਦੂਸਰਿਆਂ ਦੇ ਧੋਖੇ ਵਿੱਚ ਨਾ ਫਸੀਏ।

ਕੁਝ ਲੋਕ ਧੋਖੇਬਾਜੀ ਦੀਆਂ ਯੋਜਨਾਵਾਂ ਨੂੰ ਅੰਜ਼ਾਮ ਦਿੰਦੇ ਹਨ ਜੋ ਉਨ੍ਹਾਂ ਨੇ ਆਪਣੇ ਪੇਸ਼ੇ ਤੋਂ ਸਿੱਖੀਆਂ ਹਨ। ਉਹਨਾਂ ਨੇ ਪ੍ਰਮੇਸ਼ਵਰ ਅਤੇ ਉਸਦੀ ਸੇਵਕਾਈ ਨੂੰ ਵੀ ਉਹਨਾਂ ਉਤਪਾਦਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਹੈ ਜੋ ਉਹ ਵੇਚਦੇ ਹਨ ਅਤੇ ਆਪਣੇ ਕਾਰੋਬਾਰ ਵਾਂਗ ਸੇਵਕਾਈ ਕਰਦੇ ਹਨ। ਕਿਰਪਾ ਕਰਕੇ ਅਜਿਹੇ ਲੋਕਾਂ ਨੂੰ ਪਛਾਣੋ ਅਤੇ ਸਮਝਦਾਰੀ ਨਾਲ ਕੰਮ ਕਰੋ। ਅਸੀਂ ਤੁਹਾਡੇ ਲਈ ਜ਼ਰੂਰ ਪ੍ਰਾਰਥਨਾ ਕਰਾਂਗੇ।

ਅਸੀਂ ਆਪਣੇ ਨਹਮਯਾਹ ਬਾਈਬਲ ਕਾਲਜ ਦੇ ਮਿਆਰ ਨੂੰ ਉੱਚਾ ਚੁੱਕਣ ਅਤੇ ਪ੍ਰਮੇਸ਼ਵਰ ਦੇ ਹੋਰ ਬਹੁਤ ਸਾਰੇ ਸੇਵਕਾਂ ਨੂੰ ਸਿਖਲਾਈ ਦੇਣ ਦਾ ਫੈਸਲਾ ਕੀਤਾ ਹੈ ਅਤੇ ਬੀ.ਟੀ.ਐੱਚ. ਡਿਗਰੀ ਪ੍ਰੋਗਰਾਮ ਸ਼ੁਰੂ ਕਰਨ ਦੀ ਯੋਜਨਾ ਬਣਾਈ ਹੈ। ਸ਼ੁਰੂਆਤ ਵਿੱਚ ਅਸੀਂ ਆਨਲਾਈਨ ਬੀ.ਟੀ.ਐੱਚ. ਪ੍ਰੋਗਰਾਮ ਸ਼ੁਰੂ ਕਰਨ ਕਰਨ ਜਾ ਰਹੇ ਹਾਂ। ਅਸੀਂ ਤੁਹਾਨੂੰ ਪਿਆਰ ਨਾਲ ਬੇਨਤੀ ਕਰਦੇ ਹਾਂ ਕਿ ਤੁਸੀਂ ਇਸ ਬਾਰੇ ਆਪਣੇ ਚਰਚਾਂ ਵਿੱਚ ਅਤੇ ਉਹਨਾਂ ਲੋਕਾਂ ਵਿੱਚ ਸਾਂਝਾ ਕਰੋ ਜਿਨ੍ਹਾਂ ਨੂੰ ਤੁਸੀਂ ਜਾਣਦੇ ਹੋ ਅਤੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਦਾਖਲਾ ਲੈਣ ਲਈ ਨਿਰਦੇਸ਼ਿਤ ਕਰੋ। ਸਾਨੂੰ ਇਸ ਮਾਮਲੇ ਵਿੱਚ ਤੁਹਾਡੇ ਵਿਚਾਰਾਂ ਅਤੇ ਸੁਝਾਵਾਂ ਦੀ ਲੋੜ ਹੈ। ਹੋਰ ਵੇਰਵਿਆਂ ਲਈ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ। ਪ੍ਰਭੂ ਯਿਸੂ ਤੁਹਾਨੂੰ ਅਸੀਸ ਦੇਵੇ।

ਪ੍ਰਭੂ ਯਿਸੂ ਵਿੱਚ ਤੁਹਾਡੇ ਭਰਾ ਅਰ ਸੇਵਕ,

ਪਾ: ਐੱਸ. ਸੈਮ ਸੇਲਵਾ ਰਾਜ ਅਲੈਕਸ ਸੈਮਸਨ ਸੈਮ।
(+91) 98412 71858 / 98410 71858,
E.mail : samselvaraj333@gmail.com

(ਚਲਦਾ ਸਫਾ 1 ਤੋਂ)

ਸੀ। ਅਸੀਂ ਆਖ ਸਕਦੇ ਹਾਂ ਕਿ 'ਬੇਦਾਰੀ' ਜਾਂ 'ਉਪਜ' ਪਵਿੱਤਰ ਆਤਮਾ ਦਾ ਉਤਪਾਦ ਹੈ ਜਾਂ ਇਹ ਪਵਿੱਤਰ ਆਤਮਾ ਦੁਆਰਾ ਲਿਆਂਦੀ ਜਾਂਦੀ ਹੈ। ਜਿੱਥੇ ਵੀ ਪਵਿੱਤਰ ਆਤਮਾ ਕੰਮ ਕਰਦਾ ਹੈ, ਉੱਥੇ ਅਸੀਂ ਬੇਦਾਰੀ ਵੇਖ ਸਕਦੇ ਹਾਂ। ਇਹ ਕਿਸੇ ਮਨੁੱਖ ਦਾ ਨਹੀਂ ਪਰ ਪ੍ਰਮੇਸ਼ਵਰ ਦਾ ਕੰਮ ਹੈ। ਬੇਦਾਰੀ ਕਦੇ ਵੀ ਕੁਧਰਮੀ ਲੋਕਾਂ ਵਿੱਚ ਨਹੀਂ ਆਉਂਦੀ।

ਬੇਦਾਰੀ ਕਮਜ਼ੋਰ ਹੋ ਚੁੱਕੇ ਸੰਤਾਂ ਨੂੰ ਖੰਭ ਲਗਾ ਦਿੰਦੀ ਹੈ। ਇਹ ਪਿਛਾਂਹ ਮੁੜ ਚੁੱਕਿਆਂ ਨੂੰ ਹੋਸ਼ ਵਿੱਚ ਲਿਆ ਕੇ ਮੁੜ ਪਟੜੀ 'ਤੇ ਚੜ੍ਹਾਉਂਦੀ ਹੈ। ਬੇਦਾਰੀ ਸਮਾਜ ਵਿੱਚ ਪ੍ਰਮੇਸ਼ਵਰ ਦੀ ਮੌਜੂਦਗੀ ਨੂੰ ਵਿਖਾਉਂਦੀ ਹੈ ਅਤੇ ਪ੍ਰਮੇਸ਼ਵਰ ਦੇ ਰਾਜ ਬਾਰੇ ਕੌਮਾਂ ਦੀ ਅਗਿਆਨਤਾ ਨੂੰ ਦੂਰ ਕਰਨ ਵਿੱਚ ਮਦਦ ਕਰਦੀ ਹੈ ਅਤੇ ਇੱਕ ਅਲੌਕਿਕ ਜਾਗ੍ਰਿਤੀ ਲਿਆਉਂਦੀ ਹੈ।

ਇੱਕ ਧਮਾਕੇਦਾਰ ਬੇਦਾਰੀ ਲਈ ਸਧਾਰਨ ਪ੍ਰਾਰਥਨਾ ਕਾਫ਼ੀ ਨਹੀਂ ਹੈ, ਪਰ ਸਾਨੂੰ ਜੋਰਦਾਰ ਅਤੇ ਅਸਾਧਾਰਣ ਪ੍ਰਾਰਥਨਾਵਾਂ ਦੀ ਲੋੜ ਹੈ। ਅਸਲ ਬੇਦਾਰੀ ਨੂੰ ਆਧੁਨਿਕ ਸੰਗੀਤ ਯੰਤਰਾਂ ਦੁਆਰਾ ਜਾਂ ਬਹੁਤ ਜ਼ਿਆਦਾ ਰੌਲਾ ਪਾ ਕੇ ਜਾਂ ਨੱਚ ਕੇ ਨਹੀਂ ਲਿਆਇਆ ਜਾ ਸਕਦਾ ਹੈ। ਇਸਦੀ ਸ਼ੁਰੂਆਤ ਗੋਡੇ ਟੇਕਣ ਨਾਲ ਹੁੰਦੀ ਹੈ। ਚੇਨੰਈ ਸ਼ਹਿਰ ਵਿੱਚ ਵੱਡੀ ਗਿਣਤੀ ਵਿੱਚ ਚਰਚ ਹਨ। ਪਰ ਕੁਝ ਖੇਤਰ ਹਾਲੇ ਵੀ ਕਲਾਮ ਤੋਂ ਸੱਕਣੇ ਹਨ। ਸਾਡਾ ਮੁੱਖ ਚਰਚ, ਬੁਲਾਵੇ ਦੀ

ਗੂੰਜ ਚਰਚ ਵੀ ਇੱਕ ਅਜਿਹੇ ਸਥਾਨ ਵਿੱਚ ਹੀ ਸੀ। ਪ੍ਰਮੇਸ਼ਵਰ ਦੇ ਬਹੁਤ ਸਾਰੇ ਸੇਵਕ ਇਸ ਸਿੱਟੇ ਤੇ ਪਹੁੰਚੇ ਕਿ ਇਸ ਇਲਾਕੇ ਵਿੱਚ ਪ੍ਰਭੂ ਦੀ ਖੁਸ਼ਖਬਰੀ ਦਾ ਸੰਦੇਸ਼ ਲੈ ਕੇ ਕੋਈ ਨਹੀਂ ਪਹੁੰਚ ਸਕਦਾ। ਪਰ ਪ੍ਰਮੇਸ਼ਵਰ ਨੇ ਮੈਨੂੰ ਇੱਕ ਬੋਝ ਦਿੱਤਾ ਕਿ ਉਸਦੀ ਖੁਸ਼ਖਬਰੀ ਲੈ ਕੇ ਮੈਂ ਇਸ ਤਿਆਗੇ ਹੋਏ ਸਥਾਨ ਵਿੱਚ ਜਾਵਾਂ। ਇਸ ਕੰਮ ਨੂੰ ਪੂਰਾ ਕਰਨ ਲਈ ਸਾਨੂੰ ਬਹੁਤ ਪ੍ਰਾਰਥਨਾ ਦੀ ਅਰ ਪ੍ਰਮੇਸ਼ਵਰ ਉੱਤੇ ਭਰੋਸਾ ਰੱਖਣ ਦੀ ਲੋੜ ਸੀ। ਅੰਤ ਵਿੱਚ ਪ੍ਰਭੂ ਨੇ ਇੱਕ ਬੇਦਾਰੀ ਨੂੰ ਘੱਲਿਆ। ਵੱਡੀ ਗਿਣਤੀ ਵਿੱਚ ਉਨ੍ਹਾਂ ਲੋਕਾਂ ਦੀ ਮੁਲਾਕਾਤ ਪ੍ਰਭੂ ਦੇ ਕਲਾਮ ਰਾਹੀਂ, ਪ੍ਰਭੂ ਯਿਸੂ ਨਾਲ ਹੋ ਗਈ, ਜੋ ਤਬਾਹੀ ਵੱਲ ਜਾ ਰਹੇ ਸਨ। ਕਲੀਸਿਆ ਦਾ ਜਨਮ ਹੋਇਆ। ਬਹੁਤ ਸਾਰੇ ਲੋਕਾਂ ਨੇ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਤੇ ਬਪਤਿਸਮਾ ਲਿਆ ਅਤੇ ਕਲੀਸਿਆ ਵਿੱਚ ਸ਼ਾਮਲ ਹੋ ਗਏ।

ਇਸ ਬੇਦਾਰੀ ਦੇ ਨਤੀਜੇ ਵੱਜੋਂ ਸਾਡੇ ਇਲਾਕੇ ਦੇ ਨੇੜੇ ਪੈਰਾਗਨ ਸਿਨੇਮਾ ਥੀਏਟਰ, ਨਿਊ ਐਲਫਿੰਸਟਨ ਸਿਨੇਮਾ ਥੀਏਟਰ, ਵੈਲਿੰਗਟਨ ਸਿਨੇਮਾ ਥੀਏਟਰ, ਸਟਾਰ ਸਿਨੇਮਾ ਥੀਏਟਰ ਸਮੇਤ ਬਹੁਤ ਸਾਰੇ ਸਿਨੇਮਾ ਥੀਏਟਰ ਜੋ ਕਿ ਬਹੁਤ ਸਾਰੀਆਂ ਬੁਰਾਈਆਂ ਦਾ ਸ੍ਰੋਤ ਸਨ, ਢਾਹ ਦਿੱਤੇ ਗਏ ਅਤੇ ਉਨ੍ਹਾਂ ਦੀ ਥਾਂ 'ਤੇ ਨਵੀਆਂ ਇਮਾਰਤਾਂ ਬਣ ਗਈਆਂ। ਬਹੁਤ ਸਾਰੇ ਲੋਕ ਜੋ ਭੈੜੀਆਂ ਆਦਤਾਂ, ਹਿੰਸਕ ਕੰਮਾਂ ਅਤੇ ਨਸ਼ੀਲੇ ਪਦਾਰਥਾਂ ਦੇ ਆਦੀ ਅਤੇ ਘਿਣਾਉਣੇ ਕੰਮਾਂ ਵਿੱਚ ਸ਼ਾਮਲ ਸਨ ਉਨ੍ਹਾਂ ਦੇ ਦਿਲ ਬਦਲ ਗਏ, ਉਨ੍ਹਾਂ ਜੀਵਤ ਪ੍ਰਮੇਸ਼ਵਰ ਨੂੰ ਗਲੇ ਲਗਾ ਲਿਆ, ਸਾਡੇ ਕਲੀਸਿਆ ਵਿੱਚ ਸ਼ਾਮਲ ਹੋਏ ਅਤੇ ਪ੍ਰਭੂ ਦੇ ਸ਼ਕਤੀਸ਼ਾਲੀ ਗਵਾਹ ਬਣ ਗਏ।

ਹੁਣ ਇਹ ਸਾਡੇ ਲਈ ਸੋਚਣ ਦੀ ਗੱਲ ਹੈ ਕਿ ਕੀ ਇਹ ਬੇਦਾਰੀ ਇੱਕ ਅਸਥਾਈ ਹੈ ਬੇਦਾਰੀ ਹੈ? ਜਾਂ ਇੱਕ ਸਥਾਈ ਬੇਦਾਰੀ ਹੈ? ਇਸ ਨੂੰ ਕਿਵੇਂ ਕਾਇਮ ਰੱਖਿਆ ਜਾ ਸਕਦਾ ਹੈ?

ਇਸ ਸੰਸਾਰ ਵਿੱਚ ਅਜਿਹੇ ਬੇਦਾਰੀ ਬਹੁਤ ਸਾਰੇ ਦੇਸ਼ਾਂ ਵਿੱਚ ਆਈ। ਉਦਾਹਰਨ ਲਈ, ਸਕਾਟਲੈਂਡ ਅਤੇ ਕੋਰੀਆ।ਪ੍ਰਮੇਸ਼ਵਰ ਦੇ ਦਾਸ, ਜੌਨ ਨੌਕਸ ਨੇ ਸਕਾਟਲੈਂਡ ਦੀ ਬੇਦਾਰੀ ਲਈ ਦਿਲੋਂ ਪ੍ਰਾਰਥਨਾ ਕੀਤੀ। ਪ੍ਰਭੂ ਨੇ ਇੱਕ ਮਹਾਨ ਬੇਦਾਰੀ ਨੂੰ ਭੇਜਿਆ। ਇਸ ਦੇ ਨਤੀਜੇ ਵਜੋਂ, ਵੱਡੀ ਗਿਣਤੀ ਵਿੱਚ ਲੋਕਾਂ ਨੇ ਪ੍ਰਭੂ ਯਿਸੂ ਮਸੀਹ ਨੂੰ ਆਪਣਾ ਨਿੱਜੀ ਮੁਕਤੀਦਾਤਾ ਮੰਨਿਆ। ਦੇਸ਼ ਨੇ ਤਰੱਕੀ ਕੀਤੀ। ਆਰਥਿਕ ਖੁਸ਼ਹਾਲੀ ਆਈ। ਵੱਡੀ ਗਿਣਤੀ ਵਿਚ ਚਰਚ ਬਣਾਏ ਗਏ। ਹਰ ਥਾਂ ਪ੍ਰਾਰਥਨਾ ਸਭਾਵਾਂ ਅਤੇ ਆਤਮਿਕ ਗਤੀਵਿਧੀਆਂ ਹੁੰਦੀਆਂ ਸਨ। ਵੱਡੀ ਗਿਣਤੀ ਵਿੱਚ ਨੌਜਵਾਨ ਆਦਮੀਆਂ ਅਤੇ ਔਰਤਾਂ ਨੇ ਤੋਬਾ ਕੀਤੀ ਅਤੇ ਪ੍ਰਭੂ ਦੇ ਚਰਨਾਂ ਵਿੱਚ ਆ ਗਏ। ਉਨ੍ਹਾਂ ਆਪਣੀ ਐਸ਼ੋ-ਆਰਾਮ ਵਾਲੀ ਜ਼ਿੰਦਗੀ ਨੂੰ ਛੱਡ ਦਿੱਤਾ ਅਤੇ ਮਿਸ਼ਨਰੀ ਬਣਕੇ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਗਏ ਅਤੇ ਖੁਸ਼ਖਬਰੀ ਦਾ ਪ੍ਰਚਾਰ ਕੀਤਾ। ਇਸੇ ਕਰਕੇ, ਭਾਰਤ ਅਤੇ ਹੋਰ ਦੇਸ਼ਾਂ ਵਿੱਚ ਵੱਡੀ ਗਿਣਤੀ ਵਿੱਚ ਚਰਚ, ਸਕੂਲ ਅਤੇ ਹਸਪਤਾਲ ਬਣਾਏ ਗਏ। ਪਰ ਅੱਜ ਇਸ ਦੇਸ਼ (ਸਕਾਟਲੈਂਡ) ਦੀ ਕੀ ਹਾਲਤ ਹੈ?

ਜਦੋਂ ਮੈਂ ਹਾਲ ਹੀ ਵਿੱਚ ਇਸ ਦੇਸ਼ ਦਾ ਦੌਰਾ ਕੀਤਾ, ਤਾਂ ਮੈਂ ਇਹ ਜਾਣ ਕੇ ਹੈਰਾਨ ਰਹਿ ਗਿਆ ਕਿ ਮਸੀਹਤ ਨੂੰ ਮੰਨਣ ਵਾਲੇ ਲੋਕਾਂ ਦੀ ਗਿਣਤੀ ਬਹੁਤ ਘੱਟ ਹੈ। ਬਹੁਤ ਸਾਰੇ ਲੋਕ ਯਿਸੂ ਮਸੀਹ ਦੇ ਬਗੈਰ ਹੀ ਜੀਵਨ ਜੀ ਰਹੇ ਹਨ। ਬਹੁਤ ਸਾਰੇ ਵੱਡੇ ਵੱਡੇ ਚਰਚਾਂ ਨੂੰ ਗੈਰ ਕੌਮਾਂ ਨੂੰ ਵੇਚ ਦਿੱਤਾ ਗਿਆ ਹੈ ਅਤੇ ਉਹਨਾਂ ਨੂੰ ਮੂਰਤੀ ਪੂਜਾ ਦੇ ਅੱਡੇ, ਘਿਣਾਉਣੇ ਵਪਾਰਕ ਕੇਂਦਰਾਂ, ਸ਼ਰਾਬ ਦੇ ਸ਼ੋਅ-ਰੂਮ, ਡਾਂਸ ਹਾਲ, ਡਰਾਮਾ ਪਲੇਟਫਾਰਮ, ਅਸ਼ਲੀਲ ਫਿਲਮ ਸਕ੍ਰੀਨਿੰਗ ਕੇਂਦਰਾਂ ਅਤੇ ਉਹਨਾਂ ਚੀਜ਼ਾਂ ਦੀ ਰਿਕਾਰਡਿੰਗ ਲਈ ਵਰਤਿਆ ਗਿਆ ਜੋ ਰਿਕਾਰਡ ਹੀ ਨਹੀਂ ਹੋਣੀਆਂ ਚਾਹੀਦੀਆਂ ਹਨ। ਅਫ਼ਸੋਸ ਦੀ ਗੱਲ ਇਹ ਹੈ ਕਿ ਇਹਨਾਂ ਇਮਾਰਤਾਂ ਉੱਪਰ ਹਾਲੇ ਵੀ ਸਲੀਬ ਦਾ ਨਿਸ਼ਾਨ ਲੱਗਾ ਹੋਇਆ ਹੈ!

ਪ੍ਰਮੇਸ਼ਵਰ ਦੇ ਇੱਕ ਸੇਵਕ ਨੇ ਮੈਨੂੰ ਸਕਾਟਲੈਂਡ ਵਿੱਚ ਇੱਕ ਵੱਡੇ ਆਡੀਟੋਰੀਅਮ ਵਿੱਚ ਪਰਮੇਸ਼ੁਰ ਦਾ ਬਚਨ ਸਾਂਝਾ ਕਰਨ ਲਈ ਸੱਦਾ ਦਿੱਤਾ। ਸੱਦਾ ਦਿੰਦੇ ਹੋਏ ਉਸਨੇ ਕਿਹਾ, "ਪਾਦਰੀ ਸਾਹਬ ਇਹ ਲੋਕ ਯਿਸੂ ਮਸੀਹ ਜਾਂ ਮਸੀਹਤ ਬਾਰੇ ਨਹੀਂ ਜਾਣਦੇ। ਸੰਦੇਸ਼ ਵਿੱਚ ਸਾਡੇ ਜਿਉਂਦੇ ਪਰਮੇਸ਼ੁਰ ਯਿਸੂ ਮਸੀਹ ਬਾਰੇ ਦੱਸਣਾ ਕਿ ਉਹ ਕੌਣ ਹੈ!" ਹਾਲਾਂਕਿ ਇਹ ਸੁਣਨਾ ਬਹੁਤ ਹੀ ਉਲਝਣ ਵਾਲਾ ਸੀ, ਜਦੋਂ ਮੈਂ ਸਾਡੇ ਪ੍ਰਭੂ ਯਿਸੂ ਮਸੀਹ ਦੀ ਬੁਨਿਆਦੀ ਸੱਚਾਈ ਬਾਰੇ ਖੁਸ਼ਖਬਰੀ ਦਾ ਪ੍ਰਚਾਰ ਕੀਤਾ, ਤਾਂ ਉਸ ਦੇਸ਼ ਦੇ ਬਹੁਤ ਸਾਰੇ ਲੋਕਾਂ ਨੇ ਤੋਬਾ ਕੀਤੀ ਅਤੇ ਪ੍ਰਭੂ ਯਿਸੂ ਮਸੀਹ ਨੂੰ ਆਪਣਾ ਨਿੱਜੀ ਮੁਕਤੀਦਾਤਾ ਮੰਨਣ ਲਈ ਹੰਝੂਆਂ ਨਾਲ ਅੱਗੇ ਆਏ। ਇਹ ਇੱਕ ਸ਼ਾਨਦਾਰ ਦ੍ਰਿਸ਼ ਸੀ!

ਉਨ੍ਹਾਂ ਦੇ ਪਿੱਛੇ ਹਟਣ ਦਾ ਕਾਰਨ ਕੀ ਸੀ? ਉਨ੍ਹਾਂ ਨੇ ਆਪਣਾ ਪਹਿਲਾ ਪਿਆਰ ਗੁਆ ਦਿੱਤਾ। ਦੁਨਿਆਵੀ ਵਿੱਦਿਆ, ਆਰਥਿਕ ਖੁਸ਼ਹਾਲੀ, ਖਿਲਵਾੜ ਭਰੇ ਜੀਵਨ, ਨਸ਼ੀਲੇ ਪਦਾਰਥਾਂ ਆਦਿ ਨੇ ਉਨ੍ਹਾਂ ਨੂੰ ਮੰਦਬੁੱਧੀ ਬਣਾ ਦਿੱਤਾ ਅਤੇ ਉਨ੍ਹਾਂ ਨੇ ਪ੍ਰਾਰਥਨਾ ਦੇ ਜੀਵਨ ਨੂੰ ਕਿਸੇ ਹੋਰ ਗ੍ਰਹਿ ਦੀ ਵਸਤੂ ਸਮਝ ਲਿਆ। ਉਨ੍ਹਾਂ ਨੇ ਆਪਣੇ ਜੀਵਨ ਤੋਂ ਪਵਿੱਤਰਤਾ ਨੂੰ ਵੀ ਦੂਰ ਕਰ ਦਿੱਤਾ।

ਇਸ ਦੇ ਉਲਟ, ਕੋਰੀਆ ਨੂੰ ਦੇਖੋ, ਉੱਥੇ ਵੀ ਬੇਦਾਰੀ ਆਈ।

(ਚਲਦਾ ਸਫਾ 6 ਤੇ)


## ਨਹਮਯਾਹ ਬਾਈਬਲ
### ਰਿਹਾਇਸ਼ੀ/ ਸ਼ਾਮ ਦਾ ਕਾਲਜ

ਵੇਲਾਚੇਰੀ/ ਚੇਪੌਕ ਅਤੇ ਸੰਤੋਸ਼ਪੁਰਮ, ਚੇਨਈ

ਮਾਧਿਅਮ- ਹਿੰਦੀ/ ਤਾਮਿਲ

*Registered Candidate for Membership*
Asia Theological Association (ATA)

ਅੰਤਰਰਾਸ਼ਟਰੀ ਮਸੀਹੀ ਲੀਡਰਾਂ ਅਰ ਸੀਨੀਅਰ ਪਾਸਬਾਨਾਂ ਦੁਆਰਾ ੫੩ ਸਾਲਾਂ ਤੋਂ ਮਾਨਤਾ ਪ੍ਰਾਪਤ

**ਥਿਆਲੋਜੀਕਲ ਸਰਟੀਫਿਕੇਟ ਕੋਰਸ: ਇੱਕ ਸਾਲ**
**ਥਿਆਲੋਜੀਕਲ ਡਿਪਲੋਮਾ ਕੋਰਸ: ਦੋ ਸਾਲ**

ਯੋਗਤਾ: ਦਸਵੀਂ ਅਰ ਉਸਤੋਂ ਵੱਧ
ਦਾਖਲੇ ਲਈ ਛੇਤੀ ਕਰੋ

**Contact : The Chairman, Nehemiah Bible College.**
10, MOHAMMED ABDULLAH 2ND STREET, CHEPAUK, CHENNAI - 600 005, INDIA.
Phone : (+91-44) 2852 8282, Cell : (+91) 98410 71852 / 95661 31858
E.mail : sam@echoofhiscall.org / Website : www.echoofhiscall.org

# GREAT COMMISSION PARTNERS

## ਮਹਾਨ ਆਦੇਸ਼ ਸਹਿਭਾਗੀ



TO SHARE (Galatians 6:2) SUPPORT (Romans 12:13) SPEEDUP (II Timothy 1:6)

ਵੰਡਣਾ (ਗਲਾਤੀਆਂ ੬:੨) ਸਹਾਇਤਾ ਕਰਨਾ(ਰੋਮੀਆਂ ੧੨:੧੩) ਤੇਜ਼ੀ ਕਰਨਾ (੨ਤਿਮੋਥੀਅਸ ੧:੬)

ECHO OF HIS CALL MINISTRIES SINCE 1969

19 ਅਪ੍ਰੈਲ 2023 ਤੋਂ 18 ਮਈ 2023 ਤੱਕ

(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)

### ਵਡਿਆਈ ਦੇ ਮੁੱਦੇ

19 ਅਪ੍ਰੈਲ: ਸਾਡੇ ਪ੍ਰਾਰਥਨਾ ਸਹਿਭਾਗੀਆਂ, ਸਬਸਕ੍ਰਾਈਬਰ ਸਹਿਭਾਗੀਆਂ, ਨਿਹਚਾ ਸਹਿਭਾਗੀਆਂ, ਜੀਵਨ ਸਹਿਭਾਗੀਆਂ ਅਤੇ ਮਹਾਨ ਆਦੇਸ਼ ਸਹਿਭਾਗੀਆਂ ਅਤੇ ਉਹਨਾਂ ਦੇ ਪਰਿਵਾਰਾਂ ਉੱਪਰ ਉਸਦੀ ਦਇਆ ਲਈ।

20 ਅਪ੍ਰੈਲ: ਸਾਡੀ ਪ੍ਰਿੰਟਿੰਗ ਪ੍ਰੈੱਸ ਵਿੱਚ 16 ਭਾਸ਼ਾਵਾਂ ਵਿੱਚ ਛਪਦੇ ਸਾਡੇ ਪ੍ਰਕਾਸ਼ਨਾਂ ਨੂੰ ਬਰਕਤ ਦੇ ਕੇ ਮਿਸ਼ਨ ਖੇਤਰਾਂ ਵਿੱਚ ਭੇਜਣ ਲਈ।

21 ਅਪ੍ਰੈਲ: ਐਸਬਰੀ ਬੇਦਾਰੀ ਦੁਆਰਾ ਬਾਅਦ ਵਾਲੇ ਮੀਂਹ ਨਾਲ ਯੂ.ਐਸ.ਏ. ਨੂੰ ਅਸੀਸ ਦੇਣ ਲਈ।

22 ਅਪ੍ਰੈਲ : ਸਾਡੇ ਸੀਨੀਅਰ ਪਾਦਰੀ ਐਸ. ਸੈਮ ਸੇਲਵਾ ਰਾਜ ਨੂੰ ਉਨ੍ਹਾਂ ਦੇ ਸੇਵਕਾਈ ਦੌਰਿਆਂ ਵਿੱਚ ਅਸੀਸ ਦੇਣ ਲਈ।

23 ਅਪ੍ਰੈਲ: ਸਾਡੇ ਸੀਨੀਅਰ ਪਾਦਰੀ ਐਸ. ਸੈਮ ਸੇਲਵਾ ਰਾਜ ਦੇ 5 ਮਿੰਟ ਦੇ ਯੂਟਿਊਬ ਸੁਨੇਹਿਆਂ ਰਾਹੀਂ ਪੈਦਾ ਹੋਈਆਂ ਗਵਾਹੀਆਂ ਲਈ।

24 ਅਪ੍ਰੈਲ: ਸਾਡੇ ਸੇਂਟ ਪੌਲਜ਼ ਮੈਟ੍ਰਿਕ ਸਕੂਲ ਅਤੇ ਨਹਮਯਾਹ ਬਾਈਬਲ ਕਾਲਜ ਦੀਆਂ ਸਾਰੀਆਂ ਗਤੀਵਿਧੀਆਂ ਲਈ।

25 ਅਪ੍ਰੈਲ : ਸਾਡੇ ਸੇਂਟ ਪੌਲਜ਼ ਮੈਟ੍ਰਿਕ ਸਕੂਲ ਦੇ ਵਿਦਿਆਰਥੀਆਂ ਦੇ 10ਵੀਂ ਜਮਾਤ ਦੀ ਪ੍ਰੀਖਿਆ ਨੂੰ ਸਫਲਤਾਪੂਰਵਕ ਪੂਰਾ ਕਰਨ ਲਈ।

26 ਅਪ੍ਰੈਲ: ਸਾਡੀ ਸੰਸਥਾ ਵਿੱਚ ਨਵੇਂ ਯੋਗ ਉਮੀਦਵਾਰਾਂ ਦੀ ਭਰਤੀ ਲਈ।

27 ਅਪ੍ਰੈਲ: ਸਾਡੇ ਸਾਰੇ ਐਸੋਸੀਏਟ ਐਡੀਟਰਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਲਈ।

28 ਅਪ੍ਰੈਲ: ਸਾਡੇ ਨਹਮਯਾਹ ਬਾਈਬਲ ਕਾਲਜ ਵਿੱਚ ਨਵੇਂ ਆਨਲਾਈਨ ਬੀ.ਟੀ.ਐੱਚ. ਕੋਰਸ ਲਈ।

29 ਅਪ੍ਰੈਲ: ਸਾਡੇ ਬਾਈਬਲਕੋਰ (ਬਾਈਬਲ ਪੱਤਰ-ਵਿਹਾਰ ਕੋਰਸ) ਅਤੇ ਥੀਓਲਾਜੀਕਲ ਪੱਤਰ-ਵਿਹਾਰ ਕੋਰਸਾਂ ਨੂੰ ਅਸੀਸ ਦੇਣ ਲਈ।

30 ਅਪ੍ਰੈਲ: ਸਾਡੀਆਂ ਸੇਵਕਾਈ ਯਾਤਰਾਵਾਂ ਨੂੰ ਅਸੀਸ ਦੇਣ ਲਈ।

01 ਮਈ: ਸਾਡੀ ਸੰਸਥਾ ਦੇ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸੁਰੱਖਿਆ ਦੇਣ ਲਈ।

02 ਮਈ: ਸਾਡੇ ਸੀਨੀਅਰ ਪਾਦਰੀ ਐਸ. ਸੈਮ ਸੇਲਵਾ ਰਾਜ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਸਾਰੀਆਂ ਦੁਸ਼ਟ ਤਾਕਤਾਂ ਤੋਂ ਸੁਰੱਖਿਅਤ ਰੱਖਣ ਲਈ।

03 ਮਈ: ਸਾਡੇ ਸੇਂਟ ਪੌਲਜ਼ ਮੈਟ੍ਰਿਕ ਸਕੂਲ ਦੇ ਸਿਲਵਰ ਜੁਬਲੀ ਸਲਾਨਾ ਦਿਵਸ ਸਮਾਰੋਹ ਨੂੰ ਅਸੀਸ ਦੇਣ ਲਈ।

### ਪ੍ਰਾਰਥਨਾ ਦੇ ਮੁੱਦੇ

04 ਮਈ ਦੁਨੀਆ ਭਰ ਦੇ ਮਰੀਜ਼ਾਂ ਲਈ ਜੋ ਲੰਬੇ ਸਮੇਂ ਤੋਂ ਹਸਪਤਾਲਾਂ ਵਿੱਚ ਹਨ ਅਤੇ ਲਾਇਲਾਜ ਬਿਮਾਰੀਆਂ ਨਾਲ ਪੀੜਤ ਹਨ।

05 ਮਈ: ਬੁਲਾਵੇ ਦੀ ਗੂੰਜ ਯੂਟਿਊਬ ਚੈਨਲ ਲਈ ਨਵੇਂ ਸਬਸਕ੍ਰਾਈਬਰਾਂ ਲਈ।

06 ਮਈ: ਸਾਡੇ ਉੱਤਰੀ ਭਾਰਤ ਦੇ ਮਿਸ਼ਨਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ।

07 ਮਈ: ਸੇਵਕਾਈਆਂ ਅਤੇ ਮਿਸ਼ਨਰੀਆਂ ਵਿਰੁੱਧ ਅੱਤਿਆਚਾਰਾਂ ਦੇ ਖ਼ਾਤਮੇ ਲਈ।

08 ਮਈ: ਸਾਡੇ ਸੀਨੀਅਰ ਪਾਦਰੀ ਐਸ. ਸੈਮ ਸੇਲਵਾ ਰਾਜ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਹਰ ਤਰ੍ਹਾਂ ਦੀਆਂ ਬੁਰਾਈਆਂ ਤੋਂ ਸੁਰੱਖਿਆ ਲਈ।

09 ਮਈ: ਸਾਡਾ ਨਹਮਯਾਹ ਬਾਈਬਲ ਕਾਲਜ ਗ੍ਰੈਜੂਏਸ਼ਨ ਫੰਕਸ਼ਨ 3 ਜੂਨ 2023 ਨੂੰ ਆਯੋਜਿਤ ਕੀਤਾ ਜਾਵੇਗਾ।

10 ਮਈ: ਸਾਰੇ ਚਰਚਾਂ ਦੇ ਰੂਹਾਂ ਨੂੰ ਜਿੱਤਣ ਅਤੇ ਬੇਦਾਰ ਹੋਣ ਲਈ।

11 ਮਈ: ਤੁਰਕੀ ਅਤੇ ਸੀਰੀਆ ਦੇ ਹਾਲ ਹੀ ਦੇ ਭੂਚਾਲਾਂ ਦੇ ਨੁਕਸਾਨ ਤੋਂ ਉੱਭਰਨ ਲਈ।

12 ਮਈ: ਸਾਡੀ ਸੁਸਮਾਚਾਰ ਪ੍ਰਿੰਟਿੰਗ ਪ੍ਰੈਸ ਅਤੇ ਇਸ ਦੀਆਂ ਸਭ ਗਤੀਵਿਧੀਆਂ ਲਈ।

13 ਮਈ: ਸਾਡੀਆਂ ਸੇਵਕਾਈਆਂ ਦੀਆਂ ਵਿੱਤੀ ਲੋੜਾਂ ਦੀ ਪੂਰਤੀ ਲਈ ਪ੍ਰਾਰਥਨਾ ਕਰੋ।

14 ਮਈ: ਸਾਡੇ ਨਹਮਯਾਹ ਬਾਈਬਲ ਕਾਲਜ ਦੇ ਆਨਲਾਈਨ ਬੀ.ਟੀ.ਐੱਚ. ਕੋਰਸ ਲਈ ਯੋਗ ਵਿਦਿਆਰਥੀਆਂ ਦੇ ਦਾਖਲੇ ਲਈ।

15 ਮਈ: ਅਕਾਦਮਿਕ ਸਾਲ 2023-24 ਲਈ ਸਾਡੇ ਸੇਂਟ ਪਾਲ ਮੈਟ੍ਰਿਕ ਸਕੂਲ ਲਈ ਨਵੇਂ ਵਿਦਿਆਰਥੀਆਂ ਦੇ ਦਾਖਲੇ ਲਈ।

16 ਮਈ: ਅਕਾਦਮਿਕ ਸਾਲ 2023-24 ਲਈ ਸਾਡੇ ਰਿਹਾਇਸ਼ੀ ਅਤੇ ਸ਼ਾਮ ਦੇ ਨਹਮਯਾਹ ਬਾਈਬਲ ਕਾਲਜ ਲਈ ਯੋਗ ਵਿਦਿਆਰਥੀਆਂ ਦੇ ਦਾਖਲੇ ਲਈ।

17 ਮਈ: ਸਾਡੀ ਸੰਸਥਾ ਦੇ ਕਰਮਚਾਰੀ ਮਨ ਦੀ ਏਕਤਾ ਨਾਲ ਕੰਮ ਕਰਨ।

18 ਮਈ: ਸਾਡੇ ਸਾਰੇ ਐਸੋਸੀਏਟ ਐਡੀਟਰ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ।

(ਸਫਾ 4 ਤੋਂ ਚਲਦਾ-)

ਜਦੋਂ ਕੋਰੀਆ ਅਰਥਵਿਵਸਥਾ, ਸਿੱਖਿਆ ਅਤੇ ਸੱਭਿਆਚਾਰ ਵਿੱਚ ਗਿਰਾਵਟ ਸੀ, ਪਰਮੇਸ਼ੁਰ ਨੇ ਇੱਕ ਵਿਅਕਤੀ, ਪਾਲ-ਯੋਂਗੀ ਚੋ ਨੂੰ ਉਭਾਰਿਆ। ਪਰਮੇਸ਼ੁਰ ਨੇ ਉਸਦੀਆਂ ਪ੍ਰਾਰਥਨਾਵਾਂ ਦਾ ਜਵਾਬ ਦਿੱਤਾ ਅਤੇ ਇੱਕ ਸ਼ਕਤੀਸ਼ਾਲੀ ਬੇਦਾਰੀ ਨੂੰ ਭੇਜਿਆ। ਬੇਦਾਰੀ ਦੇ ਕਾਰਨ, ਦੇਸ਼ ਨੇ ਵਿਸ਼ਵ ਖੇਤਰ ਵਿੱਚ ਆਰਥਿਕਤਾ ਅਤੇ ਸਿੱਖਿਆ ਵਿੱਚ ਬਹੁਤ ਤਰੱਕੀ ਕੀਤੀ। ਅੱਜ ਵੀ ਪਰਮੇਸ਼ੁਰ ਦਾ ਜਨ ਅਤੇ ਪਰਮੇਸ਼ੁਰ ਦੇ ਲੋਕ ਬਿਨਾਂ ਕਿਸੇ ਰੁਕਾਵਟ ਦੇ ਪ੍ਰਾਰਥਨਾ ਵਿੱਚ ਲੱਗੇ ਰਹਿੰਦੇ ਹਨ ਅਤੇ ਪਵਿੱਤਰ ਜੀਵਨ ਦਾ ਅਭਿਆਸ ਕਰਦੇ ਹਨ। ਹਰ ਰੋਜ਼ ਸਾਰੇ ਚਰਚਾਂ ਵਿੱਚ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਹਨ। ਵੱਡੇ-ਵੱਡੇ ਪ੍ਰਾਰਥਨਾ ਕੇਂਦਰ ਬਣਾਏ ਗਏ ਹਨ ਅਤੇ ਦਿਨ-ਰਾਤ ਲਗਾਤਾਰ ਪ੍ਰਾਰਥਨਾਵਾਂ ਹੁੰਦੀਆਂ ਹਨ। ਇਹਨਾਂ ਨਿਰੰਤਰ ਪ੍ਰਾਰਥਨਾਵਾਂ ਦੁਆਰਾ ਸੁਗੰਧ ਦੇ ਕਾਲਮ ਸਵਰਗ ਨੂੰ ਨਿਰੰਤਰ ਭੇਜੇ ਜਾਂਦੇ ਹਨ।

ਇੱਥੇ ਪ੍ਰਮੇਸ਼ਵਰ ਦੇ ਸੇਵਕਾਂ ਨੇ ਆਪਣਾ ਪਹਿਲਾ ਪਿਆਰ, ਪ੍ਰਾਰਥਨਾ ਦੀ ਪਿਆਸ, ਆਪਣੀ ਪਵਿੱਤਰਤਾ ਅਤੇ ਬੇਦਾਰੀ ਦੇ ਪ੍ਰਭਾਵ ਨੂੰ ਨਹੀਂ ਗੁਆਇਆ ਬਲਕਿ ਪੂਰੀ ਤਰਾਂ ਇਸ ਦੀ ਰੱਖਿਆ ਕੀਤੀ। ਇਸ ਕਾਰਨ ਕੋਰੀਆ ਉੱਤਮ ਦੇਸ਼ ਬਣ ਗਿਆ ਹੈ। ਮੈਂ ਦੱਖਣੀ ਕੋਰੀਆ ਦੀ ਗੱਲ ਕਰ ਰਿਹਾ ਹਾਂ। ਇਹ ਕੋਈ ਅਤਿਕਥਨੀ ਨਹੀਂ ਹੈ ਕਿ ਰੱਬ ਦੇ ਬਹੁਤ ਸਾਰੇ ਸੇਵਕ ਇੱਥੋਂ ਪੈਦਾ ਹੋ ਕੇ ਅੱਜ ਸੰਸਾਰ ਨੂੰ ਉਲਟਾ ਰਹੇ ਹਨ!

ਇਸ ਲਈ, ਸ਼ਕਤੀਸ਼ਾਲੀ ਬੇਦਾਰੀ ਦੇ ਵਹਿਣ ਲਈ, ਦਿਲੋਂ ਤੋਬਾ ਅਤੇ ਦਿਲੋਂ ਪ੍ਰਾਰਥਨਾਵਾਂ ਜ਼ਰੂਰੀ ਹਨ। ਇਸ ਬੇਦਾਰੀ ਨੂੰ ਸਾਂਭ ਕੇ ਰੱਖਣ ਲਈ ਦੇਸ਼ ਲਈ ਲਗਾਤਾਰ ਪ੍ਰਾਰਥਨਾ ਕਰਨ ਵਾਲੇ ਪ੍ਰਮੇਸ਼ਵਰ ਦੇ ਲੋਕਾਂ ਦੇ ਇੱਕ ਸਮਰਪਿਤ ਸਮੂਹ ਦੀ ਵੀ ਲੋੜ ਹੈ। ਜੇਕਰ ਅਸੀਂ ਹਿੱਲ ਜਾਂਦੇ ਹਾਂ ਤਾਂ ਬੇਦਾਰੀ ਦੀ ਅੱਗ ਬੁਝ ਜਾਵੇਗੀ। ਜਗਵੇਦੀ ਉੱਤੇ ਅੱਗ ਹਮੇਸ਼ਾ ਬਲਦੀ ਰਹੇ!

## ਅਸਲ ਬੇਦਾਰੀ ਦੇ ਦੋ ਪਾਸੇ!

1. ਪ੍ਰਮੇਸ਼ਵਰ ਦੇ ਲੋਕਾਂ ਅੰਦਰ ਇੱਕ ਜੀਵਿਤ ਬੇਦਾਰੀ।

2. ਪ੍ਰਮੇਸ਼ਵਰ ਦੀ ਮੌਜੂਦਗੀ ਦਾ ਬਣਿਆ ਰਹਿਣਾ।

## 1. ਪ੍ਰਮੇਸ਼ਵਰ ਦੇ ਲੋਕਾਂ ਅੰਦਰ ਇੱਕ ਜੀਵਿਤ ਬੇਦਾਰੀ!

ਜੋਸ਼ੀਲੀ ਪ੍ਰਾਰਥਨਾ ਇੱਕ ਅਲੌਕਿਕ ਬੇਦਾਰੀ ਲਿਆਏਗੀ। ਸੰਤ ਪੌਲੁਸ ਲੋਕਾਂ ਨੂੰ ਤਾਕੀਦ ਕਰਦਾ ਹੈ, "ਇਸ ਲਈ, ਭਰਾਵੋ, ਮੈਂ ਤੁਹਾਨੂੰ ਪ੍ਰਮੇਸ਼ਵਰ ਦੀ ਦਇਆ ਦੁਆਰਾ ਬੇਨਤੀ ਕਰਦਾ ਹਾਂ ਕਿ ਤੁਸੀਂ ਆਪਣੇ ਸਰੀਰਾਂ ਨੂੰ ਇੱਕ ਜੀਵਿਤ ਬਲੀਦਾਨ ਕਰਕੇ ਚੜ੍ਹਾਓ ... ਮਨ ਦੇ ਨਵੇਂ ਹੋਣ ਨਾਲ ਤੁਹਾਡਾ ਚਾਲਚਲਨ ਵੀ ਬਦਲਦਾ ਜਾਏ... ਰੋਮੀਆਂ 12:1, 2। ਅੱਜ-ਕੱਲ੍ਹ ਚਰਚਾਂ ਅਤੇ ਈਸਾਈ ਸੰਗਠਨਾਂ ਵਿੱਚ ਧਾਰਮਿਕ ਅਤੇ ਆਤਮਿਕ ਅਨੁਭਵਾਂ ਨੂੰ ਦਿਖਾਵੇ ਲਈ ਵਰਤਿਆ ਜਾਂਦਾ ਹੈ। ਰੋਜ਼ਾ ਪ੍ਰਾਰਥਨਾ ਸਭਾਵਾਂ ਚਮਤਕਾਰੀ ਮੀਟਿੰਗਾਂ ਵਿੱਚ ਬਦਲ ਗਈਆਂ ਹਨ ਅਤੇ ਕੌਮਾਂ ਦੀ ਬੇਦਾਰੀ ਲਈ ਹੁੰਦੀਆਂ ਪ੍ਰਾਰਥਨਾ ਸਭਾਵਾਂ ਪੈਸਾ ਕਮਾਉਣ ਦੀ ਜਗ੍ਹਾ ਵਿੱਚ ਬਦਲ ਗਈਆਂ ਹਨ। ਜੋ ਲੋਕ ਰਾਸ਼ਟਰ ਲਈ ਪ੍ਰਾਰਥਨਾ ਕਰਨ ਲਈ ਇੱਕ ਬੋਝ ਨਾਲ ਪ੍ਰਾਰਥਨਾ ਸਭਾਵਾਂ ਵਿੱਚ ਸ਼ਾਮਲ ਹੁੰਦੇ ਹਨ, ਉਨ੍ਹਾਂ ਨੂੰ ਨਿਮਰਤਾ ਅਤੇ ਜੋਸ਼ ਨਾਲ ਪ੍ਰਾਰਥਨਾ ਕਰਨੀ ਚਾਹੀਦੀ ਹੈ ਕਿ ਸਾਡਾ ਪ੍ਰਭੂ ਉਨ੍ਹਾਂ ਦੀਆਂ ਪ੍ਰਾਰਥਨਾਵਾਂ ਨੂੰ ਸੁਣੇ ਅਤੇ ਜਵਾਬ ਦੇਵੇ। ਅਤੇ ਹਿੰਸਾ, ਭ੍ਰਿਸ਼ਟਾਚਾਰ ਅਤੇ ਸਰਾਪ ਨੂੰ ਪੂਰੀ ਤਰ੍ਹਾਂ ਖਤਮ ਕਰੇ ਅਤੇ ਸਾਡੇ ਰਾਸ਼ਟਰ ਵਿੱਚ ਸ਼ਾਂਤੀ ਅਤੇ ਖੁਸ਼ਹਾਲੀ ਆਵੇ।

ਸਾਡੇ ਦੇਸ਼ ਵਿੱਚ ਇੱਕ ਸੱਚੀ ਆਤਮਿਕ ਬੇਦਾਰੀ ਲਿਆਉਣ ਲਈ, ਪਹਿਲਾਂ ਪ੍ਰਮੇਸ਼ਵਰ ਦੇ ਬੱਚਿਆਂ ਨੂੰ ਆਪਣੇ ਜੀਵਨ ਨੂੰ ਉਸਦੀ ਇੱਛਾ ਦੇ ਅਧੀਨ ਕਰਨਾ ਪਵੇਗਾ। ਅਤੇ ਆਪਣੇ ਮਨਾਂ ਨੂੰ ਨਵਾਂ ਕਰਨਾ ਪਵੇਗਾ।

ਇਸ ਦੇ ਉਲਟ, ਕੁਝ ਨਵਾਂ ਕਰਨ ਦੀ ਆੜ ਵਿੱਚ, ਅੱਜ ਦੇ ਚਰਚ ਲੋਕਾਂ ਦੇ ਸਾਹਮਣੇ ਗਲਤ ਚੀਜ਼ਾਂ ਪੇਸ਼ ਕਰਦੇ ਹਨ ਅਤੇ ਉਹਨਾਂ ਨੂੰ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਇਸਤੇਮਾਲ ਕਰਦੇ ਹਨ ਅਤੇ ਇਸਨੂੰ ਇੱਕ ਮਹਾਨ ਬੇਦਾਰੀ ਕਹਿੰਦੇ ਹਨ। ਜਦੋਂ ਤੱਕ ਲੋਕਾਂ ਦੇ ਜੀਵਨ ਵਿੱਚ ਤਬਦੀਲੀਆਂ ਨਹੀਂ ਹੁੰਦੀਆਂ, ਉਨ੍ਹਾਂ ਦੀਆਂ ਪ੍ਰਾਰਥਨਾਵਾਂ, ਸੰਗੀਤ ਅਤੇ ਨਾਚ, ਖੁਸ਼ਹਾਲੀ ਦਾ ਪ੍ਰਚਾਰ, ਆਕਰਸ਼ਕ ਪਲੇਟਫਾਰਮ ਅਤੇ ਨਵੀਨਤਾਕਾਰੀ ਮੰਤਰਾਲੇ ਦੀਆਂ ਯੋਜਨਾਵਾਂ ਵਿਅਰਥ ਹਨ। ਜੇਕਰ ਕੋਈ ਪ੍ਰਮੇਸ਼ਵਰ ਦੇ ਇਨ੍ਹਾਂ ਵੱਡੇ ਵੱਡੇ ਸੇਵਕਾਂ ਦੇ ਨੇੜੇ ਜਾਂਦਾ ਹੈ, ਤਾਂ ਉਨ੍ਹਾਂ ਕੋਲੋਂ ਪੈਸੇ ਦੀ ਘਿਣਾਉਣੀ ਲਾਲਸਾ, ਹੰਕਾਰ, ਸੁਆਰਥ ਵਰਗੀਆਂ ਬੁਰੀਆਂ ਚੀਜ਼ਾਂ ਦੀ ਬਦਬੂ ਆਉਂਦੀ ਹੈ। ਇਹ ਲੋਕ ਪ੍ਰਮੇਸ਼ਵਰ ਦੇ ਰਾਜ ਨੂੰ ਇੱਕ ਪਾਸੇ ਰੱਖ ਕੇ ਕਹਿੰਦੇ ਹਨ, 'ਮੇਰਾ ਚਰਚ', 'ਮੇਰੀ ਸੇਵਕਾਈ', 'ਮੇਰੇ ਮਿਸ਼ਨਰੀ', 'ਮੇਰਾ ਬਗੀਚਾ', 'ਮੇਰਾ ਟਾਵਰ', ਆਦਿ। ਇਹ ਦੁੱਖ ਦੀ ਗੱਲ ਹੈ ਕਿ ਪ੍ਰਮੇਸ਼ਵਰ ਦਾ ਸੇਵਕ ਸੇਵਕਾਈ ਦੀ ਆੜ ਵਿੱਚ ਕੁਝ ਕਮਾਈ ਕਰਨ ਦੇ ਇਰਾਦੇ ਨਾਲ ਕਿਸੇ ਨਾਲ ਮੁਲਾਕਾਤ ਕਰਦਾ ਹੈ ਅਤੇ ਇਹ ਮੀਟਿੰਗ ਇੱਕ ਕਾਰੋਬਾਰ ਵਿੱਚ ਬਦਲ ਜਾਂਦੀ ਹੈ।

(ਚਲਦਾ ਸਫਾ 9 ਤੇ)


**ST. PAUL'S MATRICULATION SCHOOL**

**Medavakkam, Chennai.**
**Division of ECHO OF HIS CALL**

***needs Christian Teachers & Staff for the following categories / jobs:***

- ❖ Physical Education
- ❖ Maths
- ❖ Physics
- ❖ Chemistry
- ❖ Security staff &
- ❖ Sub staff
- ❖ Kindergarten
- ❖ Hindi
- ❖ English
- ❖ Secondary Grade

Phone & WhatsApp No. **98410 71858**

## ਕਿਰਪਾ ਕਰਕੇ ਸਾਡੇ ਮੁੱਖ ਦਫਤਰ ਦੀਆਂ ਸੇਵਾਕਾਈਆਂ ਲਈ ਪ੍ਰਾਰਥਨਾ ਕਰੋ

1. ਪ੍ਰਾਰਥਨਾ ਸਭਾ : 24 ਘੰਟੇ
2. ਬਾਈਬਲ ਕੋਰ - ਬਾਈਬਲ ਪੱਤਰਵਿਵਹਾਰ ਕੋਰਸ : ਅੰਗਰੇਜੀ, ਤਮਿਲ ਅਤੇ ਹਿੰਦੀ
3. ਬੁਲਾਵੇ ਦੀ ਗੂੰਜ - ਮਹੀਨੇਵਾਰ ਪੱਤ੍ਰਿਕਾ :ਅੰਗਰੇਜੀ, ਤਾਮਿਲ, ਮਲਿਆਲਮ, ਤੇਲਗੂ, ਹਿੰਦੀ, ਕੰਨੜਾ, ਮਰਾਠੀ, ਗੁਜਰਾਤੀ, ਬੰਗਾਲੀ, ਉੜੀਆ, ਨੇਪਾਲੀ, ਅਸਾਮੀ, ਪੰਜਾਬੀ ਉਰਦੂ, ਸਿਨਹਾਲਾ ਅਤੇ ਅਫਰੀਕਨ
4. ਨਹੇਮੀਆਹ ਬਾਈਬਲ ਕਾਲਜ (ਦੋ ਸੈਂਟਰ- ਸਾਂਮ/ ਰਿਹਾਇਸ਼ੀ)
5. ਥਿਓਲੋਜਿਕਲ ਪੱਤਰਵਿਵਹਾਰ ਕਾਲਜ ਅੰਗਰੇਜੀ ਅਤੇ ਤਾਮਿਲ
6. ਮਹਾਨ ਉਦੇਸ਼ ਸਹਿਭਾਗੀ
7. ਟ੍ਰੇਨਿੰਗ ਪ੍ਰੋਗਰਾਮ
8. ਕਰੂਸੇਡ
9. ਲਿਟਰੇਚਰ ਵੰਡਣਾ ਅਤੇ ਫਾਲੋਅਪ
10. ਇੰਜੀਲ ਦੀ ਪ੍ਰਿੰਟਿਗ ਪ੍ਰੈੱਸ : ਪ੍ਰਕਾਸ਼ਨ
11.ਸੰਤ ਪੌਲੁਸ ਮੈਟ੍ਰੀਕੁਲੇਸ਼ਨ ਸਕੂਲ - ਵਿਲੇਜ ਇੰਗਲਿਸ਼ ਹਾਈ ਸਕੂਲ
12.ਸੰਡੇ ਸਕੂਲ : ਸਵੇਰੇ 8.30 ਅਤੇ ਸ਼ਾਮ 4 ਵਜੇ
13.ਤਾਮਿਲ ਸਭਾ : ਸਵੇਰੇ 9.00 ਐਤਵਾਰ
14.ਹਿੰਦੀ : ਸ਼ਾਮ 4.00 ਐਤਵਾਰ
15.ਤੇਲਗੂ ਸਭਾ : ਸ਼ਾਮ 5.00 ਐਤਵਾਰ
16.ਅੰਗਰੇਜੀ ਅਤੇ ਤਾਮਿਲ : ਸ਼ਾਮ 6.00 ਐਤਵਾਰ
17.ਪਾਸਟਰ ਕੌਂਸਲਿੰਗ : ਸ਼ਾਮ 4.00 ਐਤਵਾਰ
18.ਔਰਤਾਂ ਲਈ ਪ੍ਰਾਰਥਨਾ : ਸ਼ਾਮ 5.30 ਬੁੱਧਵਾਰ
19.ਮੱਧ ਹਫਤੇ ਵਿੱਚ ਬਾਈਬਲ ਅਧਿਅਨ : ਸ਼ਾਮ 6.30 ਬੁੱਧਵਾਰ
20.ਆਦਮੀਆਂ ਲਈ ਪ੍ਰਾਰਥਨਾ : ਸ਼ਾਮ 7.00 ਸ਼ੁੱਕਰਵਾਰ
21.ਚੇਲੇਪਨ ਦੀ ਸਭਾ : ਸ਼ਾਮ 5.00 ਸ਼ਨੀਵਾਰ
22.ਘਰੇਲੂ ਪ੍ਰਾਰਥਨਾ : ਸ਼ਾਮ 6.30 ਮੰਗਲਵਾਰ ਅਤੇ ਵੀਰਵਾਰ
23.ਖਾਸ ਪ੍ਰਭੂ ਭੋਜ : ਸਵੇਰੇ 6.00 ਹਰ ਮਹੀਨੇ ਦੇ ਪਹਿਲੇ ਦਿਨ
24. ਸੇਵਕਾਂ ਦਾ ਨਿਰੀਖਣ ਸਭਾ : 5.30 ਪਹਿਲੇ ਸ਼ਨੀਵਾਰ
25.ਮਾਪਿਆਂ ਲਈ ਪ੍ਰਾਰਥਨਾ : ਸ਼ਾਮ 4.00 ਪਹਿਲੇ ਐਤਵਾਰ
26. ਰਾਤ ਦੀ ਪ੍ਰਾਰਥਨਾ : ਸ਼ਾਂਮ 9.30 ਦੂਜੇ ਸ਼ੁਕਰਵਾਰ
27. ਰੋਜਾ ਪ੍ਰਾਰਥਨਾ : ਸ਼ਾਮ 9.30 ਪਹਿਲੇ ਸ਼ਨੀਵਾਰ
28.ਪ੍ਰਭੂ ਭੋਜ : ਦੂਜੇ ਐਤਵਾਰ ਦੀ ਸਭਾ
29.ਸਵੇਰ ਦੀ ਅਰਾਧਨਾ : ਸਵੇਰੇ 5.00 ਰੋਜਾਨਾ
30.ਸਟਾਫ ਦੀ ਅਰਾਧਨਾ : ਸਵੇਰੇ 9.00 ਰੋਜਾਨਾ
31. ਦਫਤਰ : ਸਵੇਰੇ 9.00 ਤੋਂ ਸ਼ਾਮ 9.00 (ਐਤਵਾਰ ਛੱਡ ਕੇ)

## Echo of His Call Postal Courses for candidates in India only

### 1. BIBLECOR

We offer Postal Course on Basic Truths of The Bible to new Christians and non-Christians in English – 57 pages, Hindi – 76 pages & Tamil – 96 pages. You will get a course book entitled **New Life – For You!** **After the completion of this course, you will get a certificate. There will be no compulsory fees. You will be blessed!**

### 2. THEOLOGICAL CORRESPONDENCE COURSE

Advanced Distance Education called **Theological Correspondence Course** is available in English – 537 pages and Tamil – 652 pages for Pastors, Evangelists, Christian Leaders and for lay people who have passion to do God's Ministry! A fee of Rs. 1000/- is charged. 7 Books with 149 Chapters are supplied. **Certificate in Ministry** will be awarded. **God will bless you!**

***For more details, write to us.***

**The Chairman, Nehemiah Bible College,**
Echo of His Call, **Post Box 2957**
CHEPAUK, CHENNAI - 600 005.
**Ph.: (044) 2852 8282, 2852 9293, 2854 7766,**
**Cell : 98410 71852, 95661 31858**
**E.mail : biblecor@yahoo.co.in**

## ਬੁਲਾਵੇ ਦੀ ਗੂੰਜ ਸੇਵਕਾਈਆਂ, ਚੇਨੰਈ

## ਲੋੜ ਹੈ

1. ਪ੍ਰਿੰਸੀਪਲ
ਨਹਮਯਾਹ ਬਾਈਬਲ ਕਾਲਜ
ਯੋਗਤਾ: ਐਮ ਡਿਵ ਜਾਂ ਐਮ ਟੀ ਐੱਚ
2. ਕੰਪਿਊਟਰ ਕਰਮਚਾਰੀ
ਕੰਪਿਊਟਰ ਅਰ ਟਾਈਪਿੰਗ ਵਿੱਚ ਸਨਾਤਕ
ਸੰਪਰਕ ਕਰੋ:
**Email :sam@echoofhiscall.org**
**WhatsApp : +91-98412 71858**

## ਆਮਦਨ ਕਰ ਵਿੱਚ ਛੋਟ ਵਾਲੇ ਦਾਨ

ਕਿਸੇ ਵਿਅਕਤੀ ਜਾਂ ਸੰਸਥਾ ਦੁਆਰਾ Echo of His Call Educational Trust ਨੂੰ ਭੇਜੇ ਗਏ ਦਾਨ ਧਾਰਾ 80G ਦੇ ਅੰਤਰਗਤ ਆਮਦਨ ਕਰ ਵਿੱਚ ਛੋਟ ਦੇ ਹੱਕਦਾਰ ਹਨ। ਇਸ ਵਾਸਤੇ ਦਫਤਰੀ ਰਸੀਦ ਵੀ ਦਿੱਤੀ ਜਾਵੇਗੀ। ਕਿਰਪਾ ਕਰਕੇ ਆਪਣੇ ਦਾਨ ਚੈਕ, ਡਿਮਾਂਡ ਡਰਾਫਟ ਜਾਂ ਮਨੀ ਆਡਰ ਦੁਆਰਾ Echo of His Call Educational Trust ਦੇ ਪਤੇ ਤੇ ਭੇਜੋ। ਤੁਸੀਂ ਆਪਣੇ ਦਾਨ ਹੇਠਲੇ ਬੈਂਕ ਖਾਤੇ ਵਿੱਚ ਵੀ ਭੇਜ ਸਕਦੇ ਹੋ:

| | | |
|---|---|---|
| **Account Name** | : | **ECHO OF HIS CALL EDUCATIONAL TRUST** |
| **Account Number** | : | **1023 2923 805** |
| **Bank Name** | : | **STATE BANK OF INDIA** |
| **Branch** | : | **TRIPLICANE, CHENNAI - 600 005** |
| **IFSC Code** | : | **SBIN 0000249** |
| **SWIFT Code** | : | **SBI NIN BB 455** |



# ਟੋਏ ਤੋਂ ਮਹੱਲ ਤੱਕ

## PIT TO PALACE

(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜ਼ਿੰਦਗੀ ਦੇ ਅਨੁਭਵ)

"ਜਿਹੜਾ ਪੜ੍ਹੇ, ਉਹ ਸਮਝੇ" (ਮੱਤੀ ੨੪:੧੫)

# ਬੁਲਾਵੇ ਦੀ ਗੂੰਜ ਦੀ ਪ੍ਰਿੰਟਿੰਗ ਪ੍ਰੈਸ

THE PRINTING PRESS OF ECHO OF HIS CALL!

1969-1971 ਦੇ ਸਾਲਾਂ ਦੌਰਾਨ, ਜਦੋਂ ਮੈਂ ਇੱਕ ਛੋਟਾ ਮੁੰਡਾ ਸੀ, ਮੈਂ ਪ੍ਰਮੇਸ਼ਵਰ ਦੇ ਸੇਵਕ, ਸਵਰਗੀ ਪਾਸਟਰ ਐਸ. ਦੇਵਦਾਸਨ, ਨਾਲ ਸਭ ਤੋਂ ਜੂਨੀਅਰ ਵਿਅਕਤੀ ਵਜੋਂ, ਉਨ੍ਹਾਂ ਦੇ ਮਾਸਿਕ ਮੈਗਜ਼ੀਨ, 'ਹੈਰਾਲਡ ਆਫ਼ ਹਿਜ਼ ਕਮਿੰਗ' ਦੇ ਦਫ਼ਤਰ ਵਿੱਚ ਅਤੇ ਉਨ੍ਹਾਂ ਦੀ ਪ੍ਰਿੰਟਿੰਗ ਪ੍ਰੈਸ ਵਿੱਚ ਕੰਮ ਕੀਤਾ।

ਇਸ ਖੁਦਾ ਦੇ ਸੇਵਕ ਨੇ ਮੈਨੂੰ ਪ੍ਰਭੂ ਦੀ ਸੇਵਕਾਈ ਵਿੱਚ ਦੁੱਖਾਂ ਅਤੇ ਭਲਿਆਈਆਂ ਬਾਰੇ ਅਤੇ ਪ੍ਰਭੂ ਦੀ ਸੇਵਾ ਕਰਨ ਦੇ ਤਰੀਕਿਆਂ ਬਾਰੇ ਵੀ ਸਿਖਾਇਆ। ਉਨ੍ਹਾਂ ਨੇ ਮੈਨੂੰ ਸਰਕਾਰੀ ਅਤੇ ਪ੍ਰਸ਼ਾਸਨਿਕ ਕੰਮ ਵੀ ਸਿਖਾਏ। ਮੈਨੂੰ ਉਨ੍ਹਾਂ ਦੇ ਆਡੀਟਰ, ਸ੍ਰੀ ਵੇਦਾਮਣੀ ਦੇ ਅਧੀਨ 'ਅਕਾਊਂਟਿੰਗ' ਸਿੱਖਣ ਲਈ ਵੀ ਸਿਖਲਾਈ ਦਿੱਤੀ ਗਈ।

ਉਸ ਸਮੇਂ ਸਾਡੇ ਪਾਸਟਰ ਨੇ ਇੱਕ ਨਵੀਂ ਪ੍ਰਿੰਟਿੰਗ ਪ੍ਰੈਸ ਖਰੀਦੀ। ਪ੍ਰੈਸ ਵਿੱਚ ਸਿਰਫ਼ ਇੱਕ ਮਕੈਨਿਕ ਮਿਸਟਰ ਰਾਜ ਸੀ। ਇਹ ਪੁਰਾਣੇ ਮਾਡਲ ਦੀ ਮਸ਼ੀਨ ਸੀ ਜੋ ਹੱਥੀਂ ਚਲਾਈ ਜਾਂਦੀ ਸੀ। ਜੇਕਰ ਅਸੀਂ ਹੈਂਡਲ ਨੂੰ ਇੱਕ ਵਾਰ ਘੁੰਮਾਉਂਦੇ ਤਾਂ ਅਸੀਂ ਸਿਰਫ਼ ਇੱਕ ਸ਼ੀਟ ਨੂੰ ਛਾਪ ਸਕਦੇ ਸਾਂ।

ਮੈਂ ਬਹੁਤ ਖੁਸ਼ੀ ਨਾਲ ਹੈਂਡਲ ਨੂੰ ਘੁੰਮਾਇਆ ਭਾਵੇਂ ਇਹ ਇੱਕ ਔਖਾ ਕੰਮ ਸੀ। ਪੂਰੇ ਮਾਸਿਕ ਮੈਗਜ਼ੀਨ ਨੂੰ ਛਾਪਣ ਲਈ




Manual Printing Machine

ਮੈਨੂੰ ਇਸਨੂੰ 50,000 ਵਾਰ ਘੁੰਮਾਉਣਾ ਪੈਂਦਾ ਸੀ। ਮੈਂ ਹਰ ਵਾਰ ਹੈਂਡਲ ਨੂੰ ਘੁਮਾ ਕੇ ਆਖਦਾ ਸੀ, 'ਪ੍ਰਭੂ ਦੀ ਮਹਿਮਾ ਹੋਵੇ'। ਇਸ ਤਰ੍ਹਾਂ, ਮੈਂ 50,000 ਵਾਰ 'ਪ੍ਰਭੂ ਦੀ ਉਸਤਤਿ' ਕੀਤੀ। ਮੇਰਾ ਪਾਸਟਰ ਮੈਨੂੰ ਇਸ ਤਰ੍ਹਾਂ ਕਰਦੇ ਹੋਏ ਦੇਖਦਾ ਅਤੇ ਬਹੁਤ ਉਤਸ਼ਾਹਿਤ ਹੁੰਦਾ ਸੀ।

ਉਹ ਮੈਨੂੰ ਪਲਯਾਮਕੋਟਈ ਵਿਚ 'ਨਿਊ ਲਾਈਫ' ਨਾਂ ਦੇ ਮੈਗਜ਼ੀਨ ਦੇ ਦਫ਼ਤਰ ਵੀ ਲੈ ਗਏ ਅਤੇ ਮੈਨੂੰ ਦਿਖਾਇਆ ਕਿ ਉਹ ਰਸਾਲਾ ਉਸ ਪ੍ਰੈਸ ਵਿਚ ਕਿਵੇਂ ਛਪਿਆ। ਮੈਂ ਉਸ ਪੁਰਾਣੀ ਪ੍ਰੈਸ ਅਤੇ ਉਹਨਾਂ ਲੋਕਾਂ ਨੂੰ ਦੇਖਿਆ ਜੋ ਬੈਠ ਕੇ ਰਸਾਲਿਆਂ ਨੂੰ ਮੋੜਦੇ ਸਨ। ਉਹ ਰਸਾਲਿਆਂ ਦਾ ਬੰਡਲ ਬਣਾ ਕੇ ਡਾਕਖਾਨੇ ਲੈ ਗਏ। ਜਦੋਂ ਮੈਂ ਉਨ੍ਹਾਂ ਨੂੰ ਇਹ ਕੰਮ ਕਰਦੇ ਦੇਖਿਆ, ਤਾਂ ਮੇਰੇ ਮਨ ਵਿਚ ਇਸ ਤਰ੍ਹਾਂ ਦੀ ਸੇਵਕਾਈ ਕਰਨ ਦੀ ਇੱਛਾ ਪੈਦਾ ਹੋਈ। ਉਸ ਸਮੇਂ ਤੋਂ, ਇੱਕ ਖੁਸ਼ਖਬਰੀ ਪ੍ਰਿੰਟਿੰਗ ਪ੍ਰੈਸ ਹੋਣ ਦਾ ਸੰਕਲਪ ਮੇਰੇ ਦਿਲ ਵਿੱਚ ਦਾਖਲ ਹੋਇਆ। ਮੈਂ ਕਈ ਲੋਕਾਂ ਤੋਂ ਵੇਰਵੇ ਮੰਗੇ।

ਇੱਕ ਵਾਰ, ਮੈਂ ਉਸ ਜਗ੍ਹਾ ਤੇ ਗਿਆ ਜਿੱਥੇ 100 ਆਫਸੈੱਟ ਪ੍ਰਿੰਟਿੰਗ ਮਸ਼ੀਨਾਂ ਇੱਕ ਲਾਈਨ ਵਿੱਚ ਰੱਖੀਆਂ ਹੋਈਆਂ ਸਨ। ਇਹ ਪ੍ਰਮੇਸ਼ਵਰ ਦੇ ਇੱਕ ਸੇਵਕ ਦੀ ਮਲਕੀਅਤ ਸੀ। ਮੈਂ ਉਸ ਨੂੰ ਮਸ਼ੀਨ ਦੀ ਕੀਮਤ ਪੁੱਛੀ। ਉਸਨੇ ਜਵਾਬ ਦਿੱਤਾ, "ਇਹ ਸਿਰਫ ਬਹੁਤ ਅਮੀਰ ਲੋਕ ਹੀ ਖਰੀਦ ਸਕਦੇ ਹਨ। ਤੁਸੀਂ ਇਸਨੂੰ ਨਹੀਂ ਖਰੀਦ ਸਕਦੇ! ਭਾਵੇਂ ਕੋਈ ਤੁਹਾਨੂੰ ਇਹ ਦਾਨ ਵੀ ਦੇ ਦੇਵੇ, ਤੁਸੀਂ ਇਸ ਦੀ ਸਾਂਭ ਸੰਭਾਲ ਵੀ ਨਹੀਂ ਰੱਖ ਸਕਦੇ।" ਇਹ ਸੁਣ ਕੇ ਮੇਰਾ ਦਿਲ ਟੁੱਟ ਗਿਆ। ਮੈਂ ਸਿੱਧਾ ਆਪਣੀ ਥਾਂ ਤੇ ਗਿਆ, ਗੋਡੇ ਟੇਕੇ ਅਤੇ ਆਪਣੇ ਰੱਬ ਨੂੰ ਉਸ ਗੱਲਬਾਤ ਬਾਰੇ ਦੱਸਿਆ।

ਯਹੋਵਾਹ ਨੇ ਮੇਰੀ ਪ੍ਰਾਰਥਨਾ ਸੁਣ ਲਈ। ਰੱਬ ਨੇ ਮੈਨੂੰ ਇੱਕ ਪੁਰਾਣੀ ਪ੍ਰਿੰਟਿੰਗ ਪ੍ਰੈਸ ਦਿੱਤੀ। ਇਸੇ ਤਰ੍ਹਾਂ ਦੀ ਮਸ਼ੀਨ




ਸਿਰਫ਼ ਦੱਖਣੀ ਅਫ਼ਰੀਕਾ 'ਚ 'ਬਲੋਮਫ਼ੋਂਟੇਨ' ਨਾਂ ਦੀ ਥਾਂ 'ਤੇ ਇੱਕ ਮਿਊਜ਼ੀਅਮ 'ਚ ਮਿਲੀ ਸੀ। ਪ੍ਰਿੰਟਿੰਗ ਮਸ਼ੀਨ ਜੋ ਪ੍ਰਮੇਸ਼ਵਰ ਨੇ ਮੈਨੂੰ ਦਿੱਤੀ ਹੈ ਉਹ ਇੱਕ ਅਜਿਹੀ ਪੁਰਾਣੀ ਇਤਿਹਾਸਕ ਮਸ਼ੀਨ ਸੀ। ਇਹ 'ਵਾਸ਼ਰਮੈਂਟਪੇਟ', ਚੇਨਈ ਦੇ ਇੱਕ ਭਰਾ ਸੁੰਦਰਮ ਕੋਲ ਸੀ। ਕਿਉਂਕਿ ਉਹ ਇਸਨੂੰ ਵਰਤਣ ਦੇ ਯੋਗ ਨਹੀਂ ਸੀ, ਉਸਨੇ ਇਸਨੂੰ ਘੱਟ ਕੀਮਤ ਵਿੱਚ ਮੈਨੂੰ ਦੇ ਦਿੱਤਾ।

ਬਾਅਦ ਵਿਚ, ਪ੍ਰਮੇਸ਼ਵਰ ਨੇ ਮੇਰੀ ਸੁਸਮਾਚਾਰ ਪ੍ਰਿੰਟਿੰਗ ਪ੍ਰੈਸ ਨੂੰ ਸੁਧਾਰਨ ਅਤੇ ਵਿਕਸਤ ਕਰਨ ਵਿਚ ਮੇਰੀ ਮਦਦ ਕੀਤੀ। ਅੱਜ, ਪ੍ਰਮੇਸ਼ਵਰ ਨੇ ਮੈਨੂੰ ਇੱਕ ਆਟੋਮੈਟਿਕ ਆਫਸੈਟ ਪ੍ਰਿੰਟਿੰਗ



*Present Automatic offset Printing Machine*

ਪ੍ਰੈਸ ਦਿੱਤੀ ਹੈ ਜਿਸ ਨਾਲ ਅਸੀਂ 16 ਭਾਸ਼ਾਵਾਂ ਵਿੱਚ ਆਪਣੇ ਬੁਲਾਵੇ ਦੀ ਗੂੰਜ ਮੈਗਜ਼ੀਨ ਨੂੰ ਛਾਪਦੇ ਹਾਂ। ਅਸੀਂ ਬਹੁਤ ਸਾਰੀਆਂ ਆਤਮਿਕ ਕਿਤਾਬਾਂ ਵੀ ਵੱਖ-ਵੱਖ ਭਾਸ਼ਾਵਾਂ ਵਿੱਚ ਛਾਪਦੇ ਹਾਂ ਅਤੇ ਪ੍ਰਮੇਸ਼ਵਰ ਦੀ ਕਿਰਪਾ ਨਾਲ, ਅਸੀਂ ਉਹਨਾਂ ਨੂੰ ਪੂਰੀ ਦੁਨੀਆ ਵਿੱਚ ਮੁਫਤ ਭੇਜਦੇ ਹਾਂ! ਇਸ ਅਹੁਦੇ 'ਤੇ ਪਹੁੰਚਣ ਲਈ ਮੈਨੂੰ ਔਖੇ ਰਾਹਾਂ 'ਚੋਂ ਲੰਘਣਾ ਪਿਆ। ਪਿਆਰੇ ਦੋਸਤ! ਕੀ ਤੁਸੀਂ ਵੀ ਔਖੇ ਰਸਤੇ ਤੋਂ ਲੰਘ ਰਹੇ ਹੋ? ਪ੍ਰਭੂ ਯਿਸੂ ਮਸੀਹ ਤੁਹਾਨੂੰ ਉਹ ਸੇਵਕਾਈ ਕਰਨ ਵਿੱਚ ਮਦਦ ਕਰੇਗਾ ਜੋ ਉਸਨੇ ਤੁਹਾਨੂੰ ਸੌਂਪੀ ਹੈ। ਤੁਸੀਂ ਨਿਰਾਸ਼ ਨਹੀਂ ਹੋਵੋਗੇ।
..."ਜਿਹੜੀਆਂ ਵਸਤਾਂ ਅੱਖੀਂ ਨਾ ਦੇਖੀਆਂ ਨਾ ਕੰਨੀ ਸੁਣੀਆਂ ਨਾ ਇਨਸਾਨ ਦੇ ਮਨ ਵਿੱਚ ਆਈਆਂ, ਜਿਹੜੀਆਂ ਵਸਤਾਂ ਪ੍ਰਮੇਸ਼ਵਰ ਨੇ ਆਪਣੇ ਪ੍ਰੇਮੀਆਂ ਲਈ ਤਿਆਰ ਕੀਤੀਆਂ" 1 ਕੁਰਿੰਥੀਆਂ 2:9। ***

(ਚਲਦਾ ਸਫਾ 6 ਤੋਂ)

## 2. ਪ੍ਰਮੇਸ਼ਵਰ ਦੀ ਮੌਜੂਦਗੀ ਦਾ ਬਣਿਆ ਰਹਿਣਾ।

ਪਿਛਲੇ ਤੀਹ ਸਾਲਾਂ ਵਿੱਚ ਰੱਬ ਦੇ ਸੇਵਕਾਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਹੋਇਆ ਹੈ। ਇਸ ਲਈ ਸੇਵਕਾਈਆਂ ਦੀ ਗਿਣਤੀ ਵੀ ਵਧੀ ਹੈ। ਪਰੰਤੂ ਚੰਗੇ ਇਰਾਦੇ ਨਾਲ ਖੁਦਾ ਦਾ ਕੰਮ ਕਰਨ ਦੀ ਬਜਾਏ, ਭਰਮ-ਭੁਲੇਖੇ ਅਤੇ ਮਾੜੇ ਵਿਚਾਰ ਵਧਦੇ ਗਏ ਹਨ! ਚਰਚਾਂ ਅਤੇ ਮਸੀਹੀ ਸਮਾਜ ਵਿੱਚ ਅਜਿਹੇ ਲੋਕ ਹਨ ਜੋ ਲੰਬੇ ਸਮੇਂ ਤੋਂ ਕਿਸੇ ਖਾਸ ਮੁੱਦੇ ਲਈ ਪ੍ਰਾਰਥਨਾ ਕਰ ਰਹੇ ਹਨ। ਕੁਝ ਲੋਕ ਰੂਹਾਨੀ ਅਸੰਤੁਸ਼ਟੀ ਨਾਲ ਚਰਚ ਤੋਂ ਚਰਚ ਘੁੰਮਦੇ ਰਹਿੰਦੇ ਹਨ! ਜਿਹੜੇ ਚਰਚ, ਵਿਸ਼ਵ ਰਾਜਨੀਤੀ ਨੂੰ ਬਦਲਣ ਦੇ ਯੋਗ ਹਨ ਉਹ ਇਸਦੇ ਅੱਗੇ ਕੰਬ ਰਹੇ ਹਨ!

ਪ੍ਰਮੇਸ਼ਵਰ ਦੀ ਇੱਛਾ ਹੈ ਕਿ ਪ੍ਰਮੇਸ਼ਵਰ ਦੇ ਸੇਵਕਾਂ ਦਾ ਸ਼ਕਤੀਸ਼ਾਲੀ ਪ੍ਰਚਾਰ ਲੋਕਾਂ ਦੇ ਜੀਵਨਾਂ ਵਿੱਚ ਬਦਲਾਅ ਲਿਆਵੇ ਅਤੇ ਸ਼ੈਤਾਨ ਕੰਬਦਾ ਹੋਇਆ ਦੂਰ ਨੱਸ ਜਾਵੇ। ਪਰ ਸੇਵਕਾਈ ਦਾ ਜਲਾਲ ਫਿੱਕਾ ਪੈ ਗਿਆ ਹੈ, ਕਿਉਂ? ਇਹ ਸੱਚ ਹੈ ਕਿ ਪ੍ਰਮੇਸ਼ਵਰ ਨੇ ਆਪਣੀ ਹਜ਼ੂਰੀ ਦੂਰ ਕਰ ਲਈ ਹੈ।

ਇਸ ਲਈ, ਇਹ ਸਾਡੇ ਲਈ ਸਵੈ-ਪੜਚੋਲ ਕਰੀਏ ਕਿ ਅਸੀਂ ਪ੍ਰਮੇਸ਼ਵਰ ਦੀ ਹਜ਼ੂਰੀ ਕਿੱਥੇ ਗੁਆ ਦਿੱਤੀ ਹੈ ਅਤੇ ਕਿਉਂ ਰਸੂਲਾਂ ਦਾ ਮਸਹ ਸਾਡੇ ਤੋਂ ਖੁੱਸ ਗਿਆ ਹੈ। ਕਲੀਸਿਆਵਾਂ ਅਤੇ ਪਰਿਵਾਰਾਂ ਵਿੱਚ ਪ੍ਰਾਰਥਨਾ ਦੀ ਲਾਲਸਾ ਦਾ ਆਤਮਾ ਅਤੇ ਉੰਡੇਲਿਆ ਜਾਣਾ ਚਾਹੀਦਾ ਹੈ। ਜਦੋਂ ਇਹ ਡੋਲ੍ਹਿਆ ਜਾਵੇਗਾ, ਲੋਕ ਬੇਦਾਰੀ ਲਈ ਪੁਕਾਰਣਗੇ। ਨਾਸ਼ ਹੋ ਰਹੀਆਂ ਰੂਹਾਂ ਦਾ ਬੋਝ ਉਨ੍ਹਾਂ ਨੂੰ ਕਾਇਲ ਕਰੇਗਾ ਅਤੇ ਉਨ੍ਹਾਂ ਨੂੰ ਬਚਾਉਣ ਲਈ ਕੋਈ ਵੀ ਕੁਰਬਾਨੀ ਕਰਨ ਲਈ ਅੱਗੇ ਆਉਣ ਲਈ ਮਜਬੂਰ ਕਰੇਗਾ।

ਹੁਣ ਸਮਾਂ ਆ ਗਿਆ ਹੈ ਕਿ ਅਸੀਂ ਇੱਕ ਬੇਦਾਰੀ ਨੂੰ ਵੇਖੀਏ। ਇਹੀ ਕਾਰਨ ਹੈ ਕਿ ਪ੍ਰਭੂ ਨੇ ਸਾਨੂੰ ਇਸ ਸੰਸਾਰ ਵਿੱਚ ਇਸ ਸਮੇਂ ਦੌਰਾਨ ਜਿਉਂਦਾ ਰੱਖਿਆ ਹੈ। ਸਾਰੇ ਮਰੇ ਹੋਏ ਕੰਮਾਂ ਅਤੇ ਸੁਆਰਥੀ ਸੇਵਕਾਈਆਂ ਨੂੰ ਬਾਹਰ ਕੱਢੋ ਅਤੇ ਪ੍ਰਭੂ ਕੋਲ ਆਓ ਅਤੇ ਬੋਝ ਨਾਲ ਬੇਦਾਰੀ ਦੀ ਇੱਕ ਵੱਡੀ ਫ਼ਸਲ ਲਈ ਪ੍ਰਾਰਥਨਾ ਕਰੋ। ਆਪਣੇ ਪੈਰਾਂ ਨੂੰ ਕੰਮ ਕਰਨ ਲਈ ਤਕੜੇ ਕਰੋ. ਪ੍ਰਮੇਸ਼ਵਰ ਤੁਹਾਡਾ ਭਲਾ ਕਰੇ!

**ਜ਼ਬੂਰ 121:7-8**

ਯਹੋਵਾਹ ਸਾਰੀ ਬਦੀ ਤੋਂ ਤੇਰੀ ਰੱਛਿਆ ਕਰੇਗਾ, ਉਹ ਤੇਰੀ ਜਾਨ ਦੀ ਰੱਛਿਆ ਕਰੇਗਾ। ਯਹੋਵਾਹ ਤੇਰੇ ਅੰਦਰ ਬਾਹਰ ਆਉਣ ਜਾਣ ਦੀ ਹੁਣ ਤੋਂ ਲੈ ਕੇ ਸਦੀਪ ਕਾਲ ਤੀਕ ਰੱਛਿਆ ਕਰੇਗਾ!॥

## ਵਿਸ਼ੇਸ਼ ਪ੍ਰਾਰਥਨਾ ਬੇਨਤੀਆਂ

1. ਬੁਲਾਵੇ ਦੀ ਗੂੰਜ ਸੇਵਕਾਈਆਂ ਦੇ ਆਰਥਿਕ ਸਮੱਸਿਆਵਾਂ ਦਾ ਮਾਹੌਲ ਬਦਲਣ ਲਈ।
2. ਪ੍ਰਭੂ ਸੇਵਕਾਈ ਲਈ ਦਰਸ਼ਨ ਪਾਏ ਹੋਏ ਲੋਕਾਂ ਨੂੰ ਖੜ੍ਹਾ ਕਰੇ। ਸਾਨੂੰ ਸਾਡੇ ਚੇਨਈ ਦਫਤਰ, ਪਿੰਡ ਦੇ ਹਾਈ ਸਕੂਲ, ਸਾਡੇ ਬਾਈਬਲ ਕਾਲਜਾਂ, ਗੋਸਪਲ ਪ੍ਰਿੰਟਿੰਗ ਪ੍ਰੈਸ, ਚਰਚਾਂ ਅਤੇ ਸਾਡੇ ਮਿਸ਼ਨ ਫੀਲਡ ਵਿੱਚ ਸਮਰਪਿਤ ਵਰਕਰਾਂ ਦੀ ਲੋੜ ਹੈ।
3. ਪ੍ਰਮੇਸ਼ਵਰ ਦੀ ਸੇਵਕਾਈ ਵਿੱਚ ਰੁਕਾਵਟ ਪਾਉਣ ਵਾਲੇ ਸਾਰੇ ਲੋਕ ਤੋਬਾ ਦੀ ਨੌਬਤ ਤੱਕ ਪਹੁੰਚਣ।
4. ਪਾਸਟਰ ਜੋ ਸਾਰੀਆਂ ਸਹੂਲਤਾਂ ਦਾ ਆਨੰਦ ਮਾਣਦੇ ਹਨ, ਉਹਨਾਂ ਨੂੰ ਨਾ ਸਿਰਫ਼ ਆਪਣੇ ਵਿਕਾਸ ਬਾਰੇ ਸੋਚਣਾ ਚਾਹੀਦਾ ਹੈ, ਸਗੋਂ ਉਹਨਾਂ ਪਿੰਡਾਂ ਵਿੱਚ ਚਰਚਾਂ ਦੀ ਉਸਾਰੀ ਲਈ ਵੀ ਆਪਣੇ ਵਿੱਤ ਦੀ ਵਰਤੋਂ ਕਰਨੀ ਚਾਹੀਦੀ ਹੈ ਜਿੱਥੇ ਚਰਚ ਨਹੀਂ ਹਨ। ਰੱਬ ਦੇ ਇੱਕ ਜਨ ਨੇ ਕਿਹਾ, "ਜੇਕਰ ਰੱਬ ਦੇ ਬਹੁਤ ਸਾਰੇ ਵੱਡੇ ਵੱਡੇ ਸੇਵਕਾਂ ਦੇ ਹੱਥਾਂ ਵਿੱਚ ਪਏ ਅਣਵਰਤੇ ਪੈਸੇ ਨੂੰ ਇਸਤੇਮਾਲ ਕੀਤਾ ਜਾਵੇ, ਤਾਂ ਭਾਰਤ ਦੇ ਹਰ ਉਸ ਪਿੰਡ ਵਿੱਚ ਜਿੱਥੇ ਕੋਈ ਚਰਚ ਨਹੀਂ ਹੈ ਇੱਕ ਜਾਂ ਇੱਕ ਤੋਂ ਵੱਧ ਚਰਚਾਂ ਨੂੰ ਉਸਾਰਿਆ ਜਾ ਸਕਦਾ ਹੈ"। ਕਿਰਪਾ ਕਰਕੇ ਇਸ ਨੂੰ ਧਿਆਨ ਵਿੱਚ ਰੱਖੋ ਅਤੇ ਇਸ ਲਈ ਪ੍ਰਾਰਥਨਾ ਕਰੋ।

RNI NO. TNPUN/2000/1914, Postal Regn. No. TN/CH/(C)/192/21-23 WPP NO. TN/PMG(CCR)/WPP-263/21-23

# ਇਸ਼ਤਿਹਾਰ

## ਬੁਲਾਵੇ ਦੀ ਗੂੰਜ ਯੂ-ਟਿਊਬ

ਜਦੋਂ ਵੀ ਤੁਹਾਡੇ ਕੋਲ ਸਮਾਂ ਹੋਵੇ ਕਿਰਪਾ ਕਰਕੇ ਸਾਡੇ ਯੂ-ਟਿਊਬ ਚੈਨਲ ਨੂੰ ਵੇਖੋ ਅਰ ਸਬਸਕ੍ਰਾਈਬ ਕਰੋ। ਧੰਨਵਾਦ

– ਸੰਪਾਦਕ

## OUR BANK DETAILS:

### *1. Bank : State Bank of India*

Branch : **Triplicane, Chennai-5**
Name : **S. Sam Selva Raj**
A/C No. : **1023 2934 679**
IFSC : **SBIN 00 00 249**
SWIFT CODE : **SBI NIN BB 455**

### *2. Bank : ICICI Bank*

Branch : **Anna Salai, Chennai-6**
Name : **Echo of His Call**
A/C No. : **6038 0502 2319**
IFSC : **ICIC 000 6038**

### *3. Bank : State Bank of India*

**(This Account is for Tax Exemption for Indians only )**

Branch : **Triplicane, Chennai-5**
Name : **Echo of His Call Educational Trust**
A/C No. : **1023 2923 805**
IFSC : **SBIN 00 00 249**

**Google Pay: 98410 71858**
**PayPal : SAM SELVA RAJ**
*****
**E.mail : sam@echoofhiscall.org**

# ਬੁਲਾਵੇ ਦੀ ਗੂੰਜ

16 ਭਾਸ਼ਾਵਾਂ ਵਿੱਚ ਮਹੀਨੇਵਾਰ ਪੱਤ੍ਰਿਕਾ, ਬਾਈਬਲ ਕਾਲਜ, ਪੱਤਰ ਵਿਹਾਰ ਕੋਰਸ, ਚਰਚ ਸਥਾਪਨਾ, ਪੇਂਡੂ ਅੰਗਰੇਜ਼ੀ ਹਾਈ ਸਕੂਲ, ਗੌਸਪਲ ਪ੍ਰਿੰਟਿੰਗ ਪ੍ਰੈੱਸ, ਕਰੂਸੇਡ, ਸੈਮੀਨਾਰ, ਸਮਾਜਿਕ ਸੇਵਾਵਾਂ ਆਦਿ।

ਸਲਾਨਾ ਚੰਦਾ 100/- ਰੁ: ਜੀਵਨ ਭਰ ਲਈ ਚੰਦਾ: 2000/- ਰੁ:

ਬੁਲਾਵੇ ਦੀ ਗੂੰਜ ਸੇਵਕਾਈ ਦੀਆਂ ਬਹੁਭਾਂਤੀ ਗਤੀਵਿਧੀਆਂ ਤੁਹਾਡੇ ਵਰਗੇ ਹੀ ਪ੍ਰਮੇਸ਼ਵਰ ਦੇ ਬੱਚਿਆਂ ਦੀਆਂ ਸਵੈ-ਇੱਛਤ ਭੇਟਾਂ ਅਤੇ ਦਾਨਾਂ ਦੁਆਰਾ ਚਲਾਈਆਂ ਜਾਂਦੀਆਂ ਹਨ। ਜਿਵੇਂ ਪ੍ਰਮੇਸ਼ਵਰ ਤੁਹਾਡੀ ਅਗਵਾਈ ਕਰਦਾ ਹੈ ਤੁਸੀਂ ਬੁਲਾਵੇ ਦੀ ਗੂੰਜ ਅਤੇ ਇਸਦੀਆਂ ਸੇਵਕਾਈਆਂ ਦੀ ਸਹਾਇਤਾ ਕਰ ਸਕਦੇ ਹੋ। ਖੁਸ਼ਖਬਰੀ ਨੂੰ ਅਪਹੁੰਚ ਇਲਾਕਿਆਂ ਤੱਕ ਪੁਚਾਉਣ ਅਤੇ ਕਲੀਸੀਆਵਾਂ ਦੀ ਸਥਾਪਨਾ ਕਰਨ ਲਈ ਸਾਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ।

ਜੇਕਰ ਤੁਸੀਂ ਲਗਾਤਾਰ ਬੁਲਾਵੇ ਦੀ ਗੂੰਜ ਪੱਤ੍ਰਿਕਾ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਨੂੰ ਲਿਖੋ। ਜਦੋਂ ਕਦੇ ਵੀ ਤੁਸੀਂ ਆਪਣਾ ਡਾਕ ਪਤਾ ਜਾਂ ਈਮੇਲ ਪਤਾ ਬਦਲੋ ਤਾਂ ਕਿਰਪਾ ਕਰਕੇ ਸਾਨੂੰ ਆਪਣੇ ਪੁਰਾਣੇ ਅਤੇ ਨਵੇਂ ਪਤੇ ਦੀ ਜਾਣਕਾਰੀ ਜ਼ਰੂਰ ਦਿਓ।

16 ਭਾਸ਼ਾਵਾਂ ਵਿੱਚ ਬੁਲਾਵੇ ਦੀ ਗੂੰਜ ਸਾਡੀ ਵੈੱਬਸਾਈਟ ਤੇ ਵੀ ਉਪਲੱਬਧ ਹੈ। ਤੁਸੀਂ ਇਸਨੂੰ ਵੈੱਬਸਾਈਟ ਤੇ ਜਾ ਕੇ ਵੀ ਪੜ੍ਹ ਸਕਦੇ ਹੋ ਅਤੇ ਇਸਨੂੰ ਡਾਊਨਲੋਡ ਕਰਕੇ ਵੀ ਬਰਕਤ ਪਾ ਸਕਦੇ ਹੋ।

ਬੁਲਾਵੇ ਦੀ ਗੂੰਜ ਲਈ ਤੁਹਾਡੀਆਂ ਚਿੱਠੀਆਂ, ਪ੍ਰਾਰਥਨਾ ਬੇਨਤੀਆਂ ਅਤੇ ਆਰਥਿਕ ਸਹਾਇਤਾ ਡਿਮਾਂਡ ਡ੍ਰਾਫਟ, ਚੈੱਕ, ਮਨੀ ਆਡਰ, **NEFT, PayPal (Sam Selva Raj, sam@echoofhiscall.org) PhonePe (98410 71858), Gpay (98410 71858), Western Union, MoneyGram, etc.)** ਆਦਿ ਰਾਹੀ ਤੁਸੀਂ ਹੇਠ ਲਿਖੇ ਪਤੇ ਤੇ ਭੇਜ ਸਕਦੇ ਹੋ।

ਕਿਰਪਾ ਕਰਕੇ ਅੱਪਡੇਟ ਲਈ ਤੁਹਾਡੇ ਫ਼ੋਨ ਨੰ:/ ਮੋਬਾਇਲ ਨੰ: ਅਤੇ ਈਮੇਲ ਪਤੇ ਸਾਨੂੰ ਭੇਜੋ।

Our address :

**ECHO OF HIS CALL**
10, MOHAMMED ABDULLAH 2ND STREET, CHEPAUK, CHENNAI - 600 005, INDIA
PH: (+91-44) 2852 8282, 2852 9293, 2854 7766/ Cell: (+91) 98410 71852, 95661 31858 / E.mails: sam@echoofhiscall.org / biblecor@yahoo.co.in
Websites: www.echoofhiscall.org / www.stpaulsmatriculation.com

**YOU CAN SEND YOUR DONATION ONLINE ALSO**

**RNI NO. 2000/1914**
**Postal Regn. No. TN/CH/(C)/192/21-23**
**WPP NO. TN/PMG(CCR) / WPP- 263/21-23**
**Date of Publication: Third week of every month**
**Date of Posting : 19th & 20th of every month**
**Posted at "Egmore RMS / 1 Patrika Channel"**
**on 20th April, 2023**
**If un-delivered please return to:**
**ECHO OF HIS CALL (PUNJABI)**
**P.O. Box No. 2957,**
**Chepauk, Chennai - 600 005, INDIA.**
**Phone: (+ 91- 44) 2852 8282, 2852 9293, 2854 7766**

***JESUS LOVES YOU!***

**To**

*GOD BLESS YOU!*

Owned and published by **S. Sam Selva Raj** from New No. 8 & 10, Old No.18 & 19, Mohammed Abdullah 2nd Street, Chepauk, Chennai-600 005 and printed by **S. Sam Selva Raj** at **Echo of His Call Printers**, New No. 8 & 10, Old No.18 & 19, Mohammed Abdullah 2nd Street, Chepauk, Chennai-600 005. Editor: **S. Sam Selva Raj.**